ਮੰਗਲਵਾਰ, 6 ਅਕਤੂਬਰ, 2026
20 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 126

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 6 OCTOBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਫਾਰਮ-6 ਸੋਧਣ ਦੀ ਅਸੀਂ ਮਨਜ਼ੂਰੀ ਨਹੀਂ ਦਿੱਤੀ : ਚੀਫ ਜਸਟਿਸ

### ਚੋਣ ਕਮਿਸ਼ਨ ਨੇ ਕਾਨੂੰਨ ਤੋੜੇ ਹਨ ਤਾਂ ਫੈਸਲੇ ਰੋਕ ਦੇਵਾਂਗੇ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਸੁਪਰੀਮ ਕੋਰਟ ਨੇ ਸੋਮਵਾਰ ਸਪੱਸ਼ਟ ਕੀਤਾ ਕਿ ਉਸ ਨੇ ਵੋਟਰ ਸੂਚੀਆਂ ਦੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ ਆਈ ਆਰ) ਦੌਰਾਨ ਵੋਟਰ ਸੂਚੀਆਂ ਵਿੱਚ ਨਾਂਅ ਸ਼ਾਮਲ ਕਰਨ ਲਈ ਵਰਤੇ ਜਾਣ ਵਾਲੇ ਫਾਰਮ-6 ਦੇ ਕਿਸੇ ਵੀ ਸੋਧੇ ਹੋਏ ਸੰਸਕਰਣ ਨੂੰ ਮਨਜ਼ੂਰੀ ਨਹੀਂ ਦਿੱਤੀ। ਚੀਫ ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਬੈਂਚ ਨੇ ਗਿਆਨੇਸ਼ ਕੁਮਾਰ ਨੂੰ ਮੁੱਖ ਚੋਣ ਕਮਿਸ਼ਨਰ ਦੇ ਅਹੁਦੇ ਦੇ ਕੰਮ ਕਰਨ ਤੋਂ ਰੋਕਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕਿਹਾ, 'ਕਿਸੇ ਵੀ ਸੋਧੇ ਹੋਏ ਫਾਰਮ-6 ਨੂੰ ਸਾਡੇ ਵੱਲੋਂ ਮਨਜ਼ੂਰੀ ਨਹੀਂ ਦਿੱਤੀ ਗਈ।' ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਚੋਣ ਕਮਿਸ਼ਨ ਤੇ ਕੇਂਦਰ ਸਰਕਾਰ ਤੋਂ ਇੱਕ ਹਫਤੇ ਵਿੱਚ ਜਵਾਬ ਮੰਗਿਆ ਹੈ।

ਇਹ ਸਪੱਸ਼ਟੀਕਰਨ ਪਟੀਸ਼ਨਰ ਸ਼ੈਲੇਂਦਰ ਮਣੀ ਤ੍ਰਿਪਾਠੀ ਦੀ ਨੁਮਾਇੰਦਗੀ ਕਰ ਰਹੀ ਸੀਨੀਅਰ ਵਕੀਲ ਮੇਨਕਾ ਗੁਰੂਸਵਾਮੀ ਵੱਲੋਂ ਫਾਰਮ-6 ਵਿੱਚ ਕੀਤੀਆਂ ਗਈਆਂ ਤਬਦੀਲੀਆਂ 'ਤੇ ਚਿੰਤਾਵਾਂ ਜ਼ਾਹਰ ਕਰਨ ਤੋਂ ਬਾਅਦ ਆਇਆ ਹੈ। ਤ੍ਰਿਪਾਠੀ ਨੇ ਮੁੱਖ ਚੋਣ ਕਮਿਸ਼ਨਰ ਵੱਲੋਂ ਕਥਿਤ ਤੌਰ 'ਤੇ ਇਕਪਾਸੜ ਤੌਰ 'ਤੇ ਲਏ ਗਏ 14 ਫੈਸਲਿਆਂ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਚੋਣ ਕਮਿਸ਼ਨ ਨੇ ਪਿਛਲੇ ਹਫਤੇ ਦਾਅਵਾ ਕੀਤਾ ਸੀ ਕਿ ਕੁਝ ਰਾਜਾਂ ਵਿੱਚ ਚੱਲ ਰਹੀ ਐੱਸ ਆਈ ਆਰ ਪ੍ਰਕਿਰਿਆ ਲਈ ਆਨਲਾਈਨ ਫਾਰਮ-6 ਨਾਲ ਜੁੜੇ ਨਵੇਂ ਐਲਾਨ ਨੂੰ ਸੁਪਰੀਮ ਕੋਰਟ ਨੇ ਮਨਜ਼ੂਰੀ ਦੇ ਦਿੱਤੀ ਹੈ। ਸੋਧੇ ਹੋਏ ਫਾਰਮ-6 ਵਿੱਚ ਨਵੇਂ ਵੋਟਰਾਂ ਵਜੋਂ ਰਜਿਸਟਰ ਹੋਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਨੂੰ ਇਹ ਦੱਸਣ ਦੀ ਲੋੜ ਸੀ ਕਿ ਕੀ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਮਾਪਿਆਂ ਨੂੰ ਪਿਛਲੀ ਐੱਸ ਆਈ ਆਰ ਵਿੱਚ ਮੈਪ ਕੀਤਾ ਗਿਆ ਸੀ। ਦੂਜੇ ਰਾਜਾਂ ਦੀ ਐੱਸ ਆਈ ਆਰ ਵਿੱਚ ਵਰਤੇ ਗਏ ਪਹਿਲਾਂ ਵਾਲੇ ਫਾਰਮ-6 ਵਿੱਚ ਅਜਿਹਾ ਬਿਆਨ ਨਹੀਂ ਮੰਗਿਆ ਗਿਆ ਸੀ। ਚੋਣ ਕਮਿਸ਼ਨ ਨੇ ਕਿਹਾ ਸੀ ਕਿ ਝੂਠੇ ਬਿਆਨ ਦੇਣ 'ਤੇ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 31 ਦੇ ਤਹਿਤ ਸਜ਼ਾ ਹੋ ਸਕਦੀ ਹੈ, ਜਿਸ ਵਿੱਚ ਇੱਕ ਸਾਲ ਤੱਕ ਦੀ ਕੈਦ, ਜੁਰਮਾਨਾ ਜਾਂ ਦੋਵੇਂ ਸ਼ਾਮਲ ਹਨ। ਨਵੇਂ ਫਾਰਮ-6 ਘੋਸ਼ਣਾ ਪੱਤਰ ਵਿੱਚ ਬਦਲਾਅ ਦਾ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਨੇ ਕਥਿਤ ਤੌਰ 'ਤੇ ਇਸ ਆਧਾਰ 'ਤੇ ਵਿਰੋਧ ਕੀਤਾ ਸੀ ਕਿ ਕੇਂਦਰ ਸਰਕਾਰ ਵੱਲੋਂ ਵੋਟਰ ਰਜਿਸਟ੍ਰੇਸ਼ਨ ਨਿਯਮਾਂ 1960 ਵਿੱਚ ਸੋਧ ਕੀਤੇ ਬਿਨਾਂ ਇਸ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਇਸੇ ਦੌਰਾਨ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਅਤੇ ਕੇਂਦਰ ਨੂੰ ਜਨਹਿੱਤ ਪਟੀਸ਼ਨਾਂ 'ਤੇ ਨੋਟਿਸ ਜਾਰੀ ਕੀਤਾ ਹੈ, ਜਿਨ੍ਹਾਂ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਗਿਆਨੇਸ਼ ਕੁਮਾਰ ਦੀ ਅਗਵਾਈ ਵਾਲੇ ਚੋਣ ਪੈਨਲ ਨੇ ਅਕਤੂਬਰ 2025 ਤੋਂ ਅਗਸਤ 2026 ਦੇ ਵਿਚਕਾਰ 14 ਫੈਸਲੇ ਕਥਿਤ ਤੌਰ 'ਤੇ ਚੋਣ ਕਮਿਸ਼ਨਰਾਂ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਦੀ ਪ੍ਰਵਾਨਗੀ ਤੋਂ ਬਿਨਾਂ ਲਏ। ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀ ਮੋਹਨਾ ਦੀ ਬੈਂਚ ਨੇ ਗਿਆਨੇਸ਼ ਕੁਮਾਰ, ਸੰਧੂ, ਜੋਸ਼ੀ, ਚੋਣ ਕਮਿਸ਼ਨ ਦੇ ਡਾਇਰੈਕਟਰ ਜਨਰਲ (ਆਈ ਟੀ) ਸੀਮਾ ਖੰਨਾ ਅਤੇ ਸੀਨੀਅਰ ਡਿਪਟੀ ਚੋਣ ਕਮਿਸ਼ਨਰ ਮਨੀਸ਼ ਗਰਗ ਨੂੰ ਜਨਹਿੱਤ ਪਟੀਸ਼ਨਾਂ 'ਤੇ ਆਪਣੇ ਜਵਾਬ ਦਾਇਰ ਕਰਨ ਲਈ ਵੀ ਕਿਹਾ। ਹਾਲਾਂਕਿ, ਪਟੀਸ਼ਨਰ ਰਾਕੇਸ਼ ਕੁਮਾਰ ਸਿੰਘ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਵਿਕਾਸ ਸਿੰਘ ਵੱਲੋਂ ਕੁਮਾਰ ਨੂੰ ਮੁੱਖ ਚੋਣ ਕਮਿਸ਼ਨਰ ਵਜੋਂ ਕੰਮ ਕਰਨ ਤੋਂ ਰੋਕਣ ਲਈ ਅੰਤਰਮ ਹੁਕਮ ਪਾਸ ਕਰਨ ਦੀਆਂ ਵਾਰ-ਵਾਰ ਬੇਨਤੀਆਂ ਦੇ ਬਾਵਜੂਦ ਬੈਂਚ ਨੇ ਇਸ ਮੌਕੇ 'ਤੇ ਸਿਰਫ ਖਬਰਾਂ ਦੇ ਆਧਾਰ 'ਤੇ ਚੋਣ ਕਮਿਸ਼ਨ ਨੂੰ ਸੁਣੇ ਬਿਨਾਂ ਅਜਿਹਾ ਕੋਈ ਵੀ ਹੁਕਮ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂ ਵੀ ਇਹ ਗੱਲ ਕਹੀ ਕਿ ਜੇ ਮੁੱਖ ਚੋਣ ਕਮਿਸ਼ਨਰ ਨੇ ਦੂਜੇ ਦੋ ਚੋਣ ਕਮਿਸ਼ਨਰਾਂ ਦੀ ਸਹਿਮਤੀ ਤੋਂ ਬਿਨਾਂ ਫੈਸਲੇ ਲਏ ਹਨ ਤਾਂ ਉਹ ਵਾਪਸ ਲਏ ਜਾ ਸਕਦੇ ਹਨ।

## ਵੋਟਾਂ ਜ਼ਬਰਦਸਤੀ ਕੱਟਣਾ ਖ਼ਤਰਨਾਕ ਵਰਤਾਰਾ : ਧਾਲੀਵਾਲ

### ਵੱਡੇ-ਵਡੇਰਿਆਂ ਦੇ ਪੂਰਨਿਆਂ 'ਤੇ ਚੱਲਦੇ ਹੋਏ ਪਾਰਟੀ ਨੂੰ ਮਜ਼ਬੂਤ ਕਰਾਂਗੇ : ਆਸਲ



**ਛੇਹਰਟਾ (ਮਨੋਜ ਕੁਮਾਰ)**-ਭਾਰਤੀ ਕਮਿਊਨਿਸਟ ਪਾਰਟੀ ਅੰਮ੍ਰਿਤਸਰ (ਸ਼ਹਿਰੀ) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਏਕਤਾ ਭਵਨ ਛੇਹਰਟਾ ਵਿਚ ਕਾਮਰੇਡ ਸੱਤਪਾਲ ਡਾਂਗ, ਕਾਮਰੇਡ ਵਿਮਲਾ ਡਾਂਗ, ਕਾਮਰੇਡ ਪਰਦੁਮਨ ਸਿੰਘ ਤੇ ਪਾਰਟੀ ਦੇ ਹੋਰ ਵਿਛੜੇ ਆਗੂਆਂ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ। ਯਾਦਗਾਰੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਜਿੱਥੇ ਕਾਮਰੇਡ ਸੱਤਪਾਲ ਡਾਂਗ, ਕਾਮਰੇਡ ਵਿਮਲਾ ਡਾਂਗ, ਕਾਮਰੇਡ ਪਰਦੁਮਨ ਸਿੰਘ ਤੇ ਪਾਰਟੀ ਦੇ ਹੋਰ ਵਿਛੜੇ ਆਗੂਆਂ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ, ਉਥੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਤੇ ਪੰਜਾਬ ਸਰਕਾਰ ਅਤੇ ਮੁੱਖ ਚੋਣ ਕਮਿਸ਼ਨਰ 'ਤੇ ਤਿਖੇ ਹਮਲੇ ਕੀਤੇ।

ਕਾਮਰੇਡ ਧਾਲੀਵਾਲ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪੂਰੀ ਤਰ੍ਹਾਂ ਕੌਮਾਂਤਰੀ ਪੱਧਰ 'ਤੇ ਸਮਰਾਜਵਾਦੀ ਤਾਕਤਾਂ ਨਾਲ ਪੂਰੀ ਤਰ੍ਹਾਂ ਬਗਲਗੀਰ ਹੋ ਕੇ ਚੱਲ ਰਹੀ ਹੈ ਤੇ ਦੇਸ਼ ਦੇ ਹਿੱਤਾਂ ਨੂੰ ਕੁਰਬਾਨ ਕਰ ਰਹੀ ਹੈ। ਇਹ ਭਾਵੇਂ ਮੁਕਤ ਵਪਾਰ ਸਮਝੌਤਾ ਕਰਨ ਦਾ ਮਾਮਲੇ 'ਚ ਹੋਵੇ ਜਾਂ ਤੇਲ ਦੀ ਖ਼ਰੀਦ 'ਚ ਹੋਵੇ। ਇਸ ਸਰਕਾਰ ਨੇ ਇਸਰਾਈਲ ਵੱਲੋਂ ਗਾਜ਼ਾ 'ਤੇ ਕੀਤੇ ਗਏ ਹਮਲਿਆਂ 'ਤੇ ਪੂਰੀ ਤਰ੍ਹਾਂ ਨਿਰਾਰਥਕ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਗੁੱਟ-ਨਿਰਲੇਪ ਅੰਦੋਲਨ ਵਿਚ ਸਾਡਾ ਦੇਸ਼ ਹਮੇਸ਼ਾ ਜਰਵਾਣਿਆਂ ਖ਼ਿਲਾਫ਼ ਖੜ੍ਹਦਾ ਰਿਹਾ ਹੈ, ਜਦੋਂਕਿ ਹੁਣ ਸਾਡਾ ਦੇਸ਼ ਇਸਰਾਈਲ ਤੇ ਅਮਰੀਕਾ ਵਰਗੇ ਮੁਲਕਾਂ ਦੀ ਕਠਪੁਤਲੀ ਬਣ ਕੇ ਰਹਿ ਗਿਆ ਹੈ। ਉਨ੍ਹਾ ਕਿ ਅਮਰੀਕਾ ਦੇ ਦਬਾਅ ਹੇਠ ਭਾਰਤ ਨੇ ਰੂਸ ਕੋਲੋਂ ਤੇਲ ਲੈਣ ਦੀ ਮਾਤਰਾ ਘਟਾ ਦਿੱਤੀ ਹੈ। ਭਾਰਤ

• ਬਾਕੀ ਸਫਾ 2 'ਤੇ

## ਮੁੱਖ ਚੋਣ ਕਮਿਸ਼ਨਰ ਖਿਲਾਫ ਪੰਜਾਬ 'ਚ ਇੰਡੀਆ ਬਲਾਕ ਲਾਮਬੰਦ, 8 ਨੂੰ ਧਰਨਾ



**ਮਾਨਸਾ (ਆਤਮਾ ਸਿੰਘ ਪਮਾਰ)**

ਇੰਡੀਆ ਗਠਜੋੜ ਵਿਚ ਸ਼ਾਮਲ ਕਾਂਗਰਸ, ਧਰਮ ਨਿਰਪੱਖ ਤਾਕਤਾਂ ਤੇ ਖੱਬੀਆਂ ਪਾਰਟੀਆਂ ਵੱਲੋਂ ਦਿੱਤੇ ਦੇਸ਼-ਵਿਆਪੀ 2 ਤੋਂ 8 ਅਕਤੂਬਰ ਤੱਕ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼ਿਲਾਫ਼ ਉਹਨਾ ਨੂੰ ਅਹੁਦੇ ਤੋਂ ਲਾਂਭੇ ਕਰਕੇ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰਨ ਆਦਿ ਮੰਗਾਂ ਸੰਬੰਧੀ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਕਾਂਗਰਸ, ਸੀ ਪੀ ਆਈ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ, ਸੀ ਪੀ ਆਈ ਐੱਮ ਵੱਲੋਂ ਸਾਂਝੀ ਮੀਟਿੰਗ ਕੀਤੀ ਗਈ, ਜੋ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਦੀ ਪ੍ਰਧਾਨਗੀ ਹੇਠ ਹੋਈ।

ਇਸ ਮੌਕੇ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ, ਕਾਂਗਰਸ ਦੇ ਮੀਤ ਪ੍ਰਧਾਨ ਰਣਦੀਪ ਸਿੰਘ ਰਾਏਪੁਰ, ਰਕੇਸ਼ ਕੁਮਾਰ, ਸੀ ਪੀ ਆਈ ਐੱਮ ਐਲ

• ਬਾਕੀ ਸਫਾ 2 'ਤੇ

## ਸੂਬਾ ਕਾਰਜਕਾਰਨੀ ਤੇ ਸੂਬਾ ਕੌਂਸਲ ਮੀਟਿੰਗ 10-11 ਨੂੰ

**ਚੰਡੀਗੜ੍ਹ** : ਨਿਰਮਲ ਸਿੰਘ ਧਾਲੀਵਾਲ ਸੂਬਾ ਸਕੱਤਰ ਪੰਜਾਬ ਸਟੇਟ ਕੌਂਸਲ ਸੀ ਪੀ ਆਈ ਨੇ ਦੱਸਿਆ ਕਿ 10 ਅਤੇ 11 ਅਕਤੂਬਰ ਨੂੰ ਸੂਬਾ ਕਾਰਜਕਾਰਨੀ ਅਤੇ ਸੂਬਾ ਕੌਂਸਲ ਦੀ ਮੀਟਿੰਗ ਪਾਰਟੀ ਦਫਤਰ, ਅਜੈ ਭਵਨ, ਚੰਡੀਗੜ੍ਹ ਵਿਖੇ ਰੱਖੀ ਗਈ ਹੈ। ਸੂਬਾ ਕਾਰਜਕਾਰਨੀ 10 ਅਕਤੂਬਰ ਨੂੰ 11 ਵਜੇ ਸਵੇਰੇ ਅਤੇ ਉਸੇ ਦਿਨ ਸੂਬਾ ਕੌਂਸਲ ਮੀਟਿੰਗ ਸ਼ਾਮ 4 ਵਜੇ ਸ਼ੁਰੂ ਹੋਵੇਗੀ। ਅਗਲੇ ਦਿਨ 11 ਅਕਤੂਬਰ ਨੂੰ 10 ਵਜੇ ਸ਼ੁਰੂ ਹੋਵੇਗੀ।

## ਮਜਾਰੀ ਨੇੜੇ ਬੱਸ ਹਾਦਸੇ 'ਚ 4 ਮੌਤਾਂ, 24 ਜ਼ਖਮੀ



**ਬੰਗਾ (ਅਵਤਾਰ ਕਲੇਰ)**

ਨਵਾਂ ਸ਼ਹਿਰ-ਫਗਵਾੜਾ ਨੈਸ਼ਨਲ ਹਾਈਵੇ 'ਤੇ ਬੰਗਾ ਦੇ ਨਜ਼ਦੀਕ ਪਿੰਡ ਮਜਾਰੀ ਨੇੜੇ ਅੱਜ ਤੜਕੇ ਵਾਪਰੇ ਭਿਆਨਕ ਬੱਸ ਹਾਦਸੇ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ, ਜਦ ਕਿ 21 ਯਾਤਰੀ ਮਾਮੂਲੀ ਅਤੇ ਤਿੰਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ।ਮ੍ਰਿਤਕਾਂ ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੀ ਵਿਦਿਆਰਥਣ ਜਸ਼ੀਨਾ ਜੋਸ਼ਫ ਅਤੇ ਵਿਸ਼ਾਲ ਤੁੱਲੀ ਦੀ ਪਛਾਣ ਹੋਈ ਹੈ, ਜਦਕਿ ਦੋ ਮ੍ਰਿਤਕਾਂ ਦੀ ਪਛਾਣ ਅਜੇ ਨਹੀਂ ਹੋ ਸਕੀ। ਪ੍ਰਾਪਤ ਜਾਣਕਾਰੀ ਅਨੁਸਾਰ

• ਬਾਕੀ ਸਫਾ 2 'ਤੇ

## ਬਦਲੀਆਂ ਤੇ ਪੋਸਟਿੰਗਾਂ ਦੇ ਮਾਮਲੇ ਦੀ ਜਾਂਚ ਸੀ ਬੀ ਆਈ ਹਵਾਲੇ

### ਹਾਈ ਕੋਰਟ ਦਾ ਫੈਸਲਾ ਚੈਲੰਜ ਕਰਾਂਗੇ : ਚੀਮਾ

**ਚੰਡੀਗੜ੍ਹ (ਨ ਜ਼ ਸ)**-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੋਮਵਾਰ ਪੰਜਾਬ ਵਿੱਚ ਸਰਕਾਰੀ ਬਦਲੀਆਂ ਤੇ ਪੋਸਟਿੰਗਾਂ ਵਿੱਚ ਲੈਣ-ਦੇਣ ਆਦਿ ਦੇ ਦੋਸ਼ਾਂ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ। ਪਟੀਸ਼ਨਕਰਤਾ ਨਿਖਿਲ ਸਰਾਫ ਨੇ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਸਰਕਾਰੀ ਅਹੁਦਿਆਂ 'ਤੇ ਤਾਇਨਾਤ ਵਿਅਕਤੀਆਂ ਤੇ ਸਰਕਾਰੀ ਉੱਚ ਅਧਿਕਾਰੀਆਂ 'ਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਾਏ ਸਨ ਅਤੇ ਮੁੱਖ ਮੰਤਰੀ ਦਫਤਰ ਦੇ ਕੁੱਝ ਵਿਅਕਤੀਆਂ 'ਤੇ ਵੀ ਉਂਗਲ ਉਠਾਈ ਸੀ। ਈ ਡੀ ਵੱਲੋਂ ਇਸ ਤੋਂ ਪਹਿਲਾਂ ਪੰਜਾਬ ਦੇ ਡੀ ਜੀ ਪੀ ਨੂੰ ਤਿੰਨ ਪੱਤਰ ਲਿਖ ਕੇ ਸਰਕਾਰੀ ਬਦਲੀਆਂ, ਤਾਇਨਾਤੀਆਂ ਅਤੇ ਹੋਰ ਲੈਣ-ਦੇਣ ਵਿੱਚ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਾਏ ਗਏ ਸਨ।

ਹਾਈ ਕੋਰਟ ਦੇ ਚੀਫ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ

• ਬਾਕੀ ਸਫਾ 2 'ਤੇ

## ਰਣਜੀਤਗੜ੍ਹ ਡਿਵੈੱਲਪਮੈਂਟ ਅਥਾਰਟੀ ਬਿੱਲ ਨੂੰ ਹਰੀ ਝੰਡੀ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਸੋਮਵਾਰ 'ਰਣਜੀਤਗੜ੍ਹ ਡਿਵੈੱਲਪਮੈਂਟ ਅਥਾਰਟੀ (ਆਰ ਡੀ ਏ) ਬਿੱਲ, 2026' ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਫ਼ੈਸਲਾ ਇੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਨੇ ਦੱਸਿਆ ਕਿ 'ਰਣਜੀਤਗੜ੍ਹ ਡਿਵੈੱਲਪਮੈਂਟ ਅਥਾਰਟੀ ਬਿੱਲ, 2026' ਰਣਜੀਤ ਸਾਗਰ ਡੈਮ ਅਤੇ ਸ਼ਾਹਪੁਰ ਕੰਡੀ ਡੈਮ ਖੇਤਰਾਂ ਦੇ ਯੋਜਨਾਬੱਧ ਅਤੇ ਟਿਕਾਊ ਵਿਕਾਸ ਲਈ 'ਰਣਜੀਤਗੜ੍ਹ ਡਿਵੈੱਲਪਮੈਂਟ ਅਥਾਰਟੀ' ਦੀ ਸਥਾਪਨਾ ਦਾ ਰਾਹ ਪੱਧਰਾ

• ਬਾਕੀ ਸਫਾ 2 'ਤੇ

## ਭਾਜਪਾ ਦੀ ਸੂਚੀ 'ਚ ਪੁਰੀ ਤੇ ਈਰਾਨੀ ਦੇ ਨਾਂਅ ਨਹੀਂ

**ਨਵੀਂ ਦਿੱਲੀ (ਨ ਜ਼ ਸ)**

ਭਾਜਪਾ ਵੱਲੋਂ ਸੋਮਵਾਰ ਯੂ ਪੀ ਤੋਂ ਰਾਜ ਸਭਾ ਚੋਣਾਂ ਲਈ ਐਲਾਨੇ ਉਮੀਦਵਾਰਾਂ ਵਿੱਚ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਸਾਬਕਾ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਦੇ ਨਾਂਅ ਗਾਇਬ ਮਿਲੇ। 10 ਸੀਟਾਂ ਲਈ ਚੋਣ ਹੋਣੀ ਹੈ ਤੇ ਪਾਰਟੀ ਨੇ ਅੱਠ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਹੈ, ਜਿਸ ਵਿੱਚ ਧਰਮਪਾਲ ਸਿੰਘ, ਰਾਧਾਕਾਂਤ ਓਝਾ, ਪ੍ਰਕਾਸ਼ ਪਾਲ, ਵਿਦਿਆਸਾਗਰ ਸੋਨਕਰ, ਗੋਪੀ ਕ੍ਰਿਸ਼ਨ ਪਾਂਡੇ, ਪ੍ਰਿਅੰਕਾ ਸਿੰਘ ਰਾਵਤ, ਰਾਮ ਪ੍ਰਤਾਪ ਸਿੰਘ ਚੌਹਾਨ ਅਤੇ ਸ਼ਰੂਤੀ ਗੰਗਵਾਰ ਸ਼ਾਮਲ ਹਨ।

## ਕਿਰਤੀ ਲੋਕ ਧੋਖਾ ਖਾਂਦੇ ਰਹੇ, ਪਰ ਹਾਰੇ ਨਹੀਂ : ਗੋਰੀਆ, ਓਝਾ



ਸੀ ਪੀ ਆਈ ਦੇ ਕੌਮੀ ਸਕੱਤਰ ਡਾ. ਗਰੀਸ਼ ਸ਼ਰਮਾ ਨਾਲ ਤਸਵੀਰ ਖਿਚਾਉਂਦੇ ਹੋਏ ਵੱਖ-ਵੱਖ ਸੂਬਿਆਂ ਤੋਂ ਕਰਨਾਲ ਪਹੁੰਚੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ। (ਫ਼ੋਟੋ ਤੇ ਵੇਰਵਾ : ਗਿਆਨ ਸੈਦਪੁਰੀ)

**ਕਰਨਾਲ (ਗਿਆਨ ਸੈਦਪੁਰੀ)**

'ਅਸੀਂ ਬਹੁਤ ਹੀ ਡੂੰਘੇ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੇ ਹਾਂ।ਬੇਰੁਜ਼ਗਾਰੀ, ਲਗਾਤਾਰ ਵਧ ਰਹੀਆਂ ਕੀਮਤਾਂ, ਮਜ਼ਦੂਰਾਂ ਦੇ ਅਧਿਕਾਰਾਂ 'ਤੇ ਵਧ ਰਹੇ ਹਮਲੇ। ਇਸੇ ਤਰ੍ਹਾਂ ਪੇਂਡੂ ਮਜ਼ਦੂਰਾਂ ਦੇ ਅਧਿਕਾਰਾਂ 'ਤੇ ਵੀ ਕੁਹਾੜਾ ਜਾਰੀ ਹੈ। ਹਾਕਮਾਂ ਦਾ ਵਰਤਾਰਾ ਕਿਸਾਨੀ 'ਤੇ ਵੀ ਮਜ਼ਦੂਰਾਂ ਵਾਲਾ ਹੀ ਹੈ।ਕੇਂਦਰ ਦੀ ਐੱਨ ਡੀ ਏ ਸਰਕਾਰ, ਜਿਸ ਨੂੰ ਵਿਚਾਰਧਾਰਕ ਪੱਖੋਂ ਆਰ ਐੱਸ ਐੱਸ ਚਲਾ ਰਹੀ ਹੈ, ਹਰ ਮੁਹਾਜ਼, ਭਾਵੇਂ ਆਰਥਿਕ ਹੋਵੇ ਜਾਂ ਸਮਾਜਿਕ ਬੁਰੀ ਤਰ੍ਹਾਂ ਅਸਫਲ ਸਿੱਧ ਹੋਈ ਹੈ। ਇਸ ਦੇ ਨਾਲ ਹੀ ਜਮਹੂਰੀ ਅਧਿਕਾਰਾਂ ਦਾ ਘਾਣ ਵੀ ਜਾਰੀ ਹੈ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਕੀਤਾ। ਉਹ ਯੂਨੀਅਨ ਦੀ ਕੇਂਦਰੀ ਕਾਰਜਕਾਰਨੀ ਦੀ ਦੋ ਦਿਨਾ ਮੀਟਿੰਗ ਵਿੱਚ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਜਾਉ ਸੜਕ 'ਤੇ, ਹੁੰਦੀ ਆ ਭੀੜ ਭਰਵੀਂ,
ਰੇਲ ਸਟੇਸ਼ਨ 'ਤੇ ਇਹੀ ਆ ਹਾਲ ਮੀਆਂ।
ਜਾਉ ਬਾਜ਼ਾਰ ਤਾਂ ਭੀੜ ਆ ਬਹੁਤ ਹੁੰਦੀ,
ਖਹਿੰਦਾ ਬੰਦਾ ਬੱਸ ਬੰਦੇ ਦੇ ਨਾਲ ਮੀਆਂ।
ਇਹੀ ਹਾਲਤ ਸਰਕਾਰ ਦੇ ਦਫਤਰਾਂ ਦੀ,
ਇਹੀ ਹਾਲ ਦੇ ਵਿੱਚ ਹਸਪਤਾਲ ਮੀਆਂ।
ਏਅਰਪੋਰਟ ਤੱਕ ਕਦੀ ਜਦ ਪਏ ਜਾਣਾ,
ਪੀੜੋ-ਪੀੜ ਹੋ ਜਾਏ ਵਾਲ-ਵਾਲ ਮੀਆਂ।
ਆਬਾਦੀ ਵਧੀ ਤੋਂ ਔਕੜ ਹੈ ਵਧੀ ਭਾਵੇਂ,
ਮੁਸ਼ਕਲ ਏਸੇ ਤਾਂ ਕੁੱਲ ਨਾ ਪਾਈ ਮੀਆਂ।
ਹੋਇਆ ਫੇਲ੍ਹ ਜਦ ਸਾਰਾ ਪ੍ਰਬੰਧ ਲੱਗਦਾ,
ਸਾਰੇ ਈ ਜਾਂਦੇ ਨੇ ਗੱਲ ਟਰਕਾਈ ਮੀਆਂ।

-ਤੀਸ ਮਾਰ ਖਾਂ

## ਦਿੱਲੀ ਦੇ ਏ ਸੀ ਪੀ ਵਿਵੇਕ ਭਗਤ ਨੂੰ ਹਿਰਾਸਤ 'ਚ ਲਿਆ ਜਾਵੇ : ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)**-ਕੌਮੀ ਰਾਜਧਾਨੀ ਵਿੱਚ ਪ੍ਰਦਰਸ਼ਨ ਦੌਰਾਨ ਕੁੜੀਆਂ ਦੀਆਂ ਛਾਤੀਆਂ ਨਾਲ ਛੇੜਛਾੜ ਕਰਨੀ ਅਤਿ ਸ਼ਰਮਨਾਕ ਘਟਨਾ ਹੈ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਸੁਆਲ ਉਠਾਇਆ ਕਿ ਭਾਜਪਾ ਸਰਕਾਰ ਦੇ ਸ਼ਾਸਨ ਵਿੱਚ ਦਿੱਲੀ ਪੁਲਸ ਕੀ ਸੁਨੇਹਾ ਦੇਣਾ ਚਾਹੁੰਦੀ ਹੈ? ਦਿੱਲੀ ਪੁਲਸ ਕੇਂਦਰੀ ਗ੍ਰਹਿ ਵਿਭਾਗ ਦੇ ਅਧੀਨ ਕੰਮ ਕਰਦੀ ਹੋਣ ਕਰਕੇ ਇਸ ਘਿਨਾਉਣੀ ਘਟਨਾ ਲਈ ਕੇਂਦਰ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।

ਦਿੱਲੀ ਦੇ ਜੰਤਰ ਮੰਤਰ ਵਿਖੇ ਪ੍ਰਦਰਸ਼ਨ ਮੌਕੇ ਦਿੱਲੀ ਪੁਲਸ ਦੀ ਸੁਰੱਖਿਆ ਲਈ ਜ਼ਿੰਮੇਵਾਰੀ ਸੀ, ਖਾਸ ਕਰਕੇ ਮਹਿਲਾਵਾਂ ਦੀ ਰੱਖਿਆ ਲਈ। ਕੇਂਦਰੀ ਗ੍ਰਹਿ ਵਿਭਾਗ ਵੱਲੋਂ ਦਿੱਤੀ ਖੁੱਲ੍ਹ ਸਦਕਾ ਰਾਖੀ ਕਰਨ ਵਾਲੀ ਪੁਲਸ ਦੇ ਮਰਦ ਅਧਿਕਾਰੀ ਏ ਸੀ ਪੀ ਵਿਵੇਕ ਭਗਤ ਨੇ

• ਬਾਕੀ ਸਫਾ 2 'ਤੇ




# ਬਦਲਦੀ ਵਚਨਬੱਧਤਾ

*1952 ਤੋਂ 2014 ਤੱਕ ਕਿਸੇ ਵੀ ਸਿਆਸੀ ਪਾਰਟੀ ਜਾਂ ਨੇਤਾ ਨੇ ਕਦੇ ਵੀ 50 ਸਾਲਾਂ ਤੱਕ ਸੱਤਾ ਵਿੱਚ ਰਹਿਣ ਦਾ ਦਾਅਵਾ ਨਹੀਂ ਕੀਤਾ। ਨਹਿਰੂ ਨੇ ਵਾਰ-ਵਾਰ ਕਿਹਾ ਸੀ ਕਿ ਉਹ ਚੋਣਾਂ ਹਾਰਨ ਲਈ ਤਿਆਰ ਹਨ, ਪਰ ਆਪਣੇ ਸਿਧਾਂਤਾਂ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ। ਇਸ ਦਾ ਮਤਲਬ ਹੈ ਕਿ ਨਹਿਰੂ ਚੋਣਾਂ ਹਾਰਨ ਅਤੇ ਸੱਤਾ ਤੋਂ ਬਾਹਰ ਰਹਿਣ ਲਈ ਤਿਆਰ ਸਨ। ਇਹੀ ਗੱਲ ਬਾਅਦ ਦੇ ਪ੍ਰਧਾਨ ਮੰਤਰੀਆਂ ਬਾਰੇ ਵੀ ਕਹੀ ਜਾ ਸਕਦੀ ਹੈ। 2014 ਤੋਂ ਬਾਅਦ ਕੁਝ ਬਦਲ ਗਿਆ। ਭਾਰਤੀ ਜਨਤਾ ਪਾਰਟੀ ਦੇ ਨੇਤਾ ਦਾਅਵਾ ਕਰਨ ਲੱਗ ਪਏ ਕਿ ਅਗਲੇ 50 ਸਾਲਾਂ ਤੱਕ ਕੋਈ ਵੀ ਉਨ੍ਹਾਂ ਨੂੰ ਸੱਤਾ ਤੋਂ ਨਹੀਂ ਲਾਹ ਸਕਦਾ। ਉਨ੍ਹਾਂ ਨੂੰ ਇਹ ਭਰੋਸਾ ਕਿਉਂ ਹੈ? ਉਨ੍ਹਾਂ ਨੂੰ ਏਨਾ ਯਕੀਨ ਕਿਉਂ ਹੈ ਕਿ ਉਹ ਸੱਤਾ ਵਿੱਚ ਰਹਿਣਗੇ? ਕੀ ਇਸ ਕਰਕੇ ਕਿ ਸੱਤਾ ਤਬਦੀਲੀ ਨੂੰ ਸੰਭਵ ਬਣਾਉਣ ਵਾਲੀ ਰਾਜਕੀ ਮਸ਼ੀਨਰੀ ਨੇ ਆਪਣੇ ਆਪ ਨੂੰ ਭਾਜਪਾ ਨਾਲ ਜੋੜ ਲਿਆ ਹੈ? ਕੀ ਭਾਜਪਾ ਦਾ ਹਿੱਤ ਹੁਣ ਉਨ੍ਹਾਂ ਦਾ ਆਪਣਾ ਹਿੱਤ ਹੈ?*

*ਜੇ ਅਜਿਹਾ ਨਹੀਂ ਹੈ ਤਾਂ ਚੋਣ ਕਮਿਸ਼ਨ ਸਾਰੀਆਂ ਗੈਰ-ਭਾਜਪਾ ਪਾਰਟੀਆਂ ਅਤੇ ਆਮ ਲੋਕਾਂ ਦੇ ਇਤਰਾਜ਼ਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਵੋਟਰ ਸੂਚੀਆਂ ਤੋਂ ਵਾਰ-ਵਾਰ ਵੋਟਰਾਂ ਦੇ ਨਾਂਅ ਕਿਉਂ ਹਟਾ ਰਿਹਾ ਹੈ? ਵੋਟਰਾਂ ਤੋਂ ਏਨੇ ਦਸਤਾਵੇਜ਼ ਕਿਉਂ ਮੰਗ ਰਿਹਾ ਹੈ ਕਿ ਜ਼ਿਆਦਾਤਰ ਵੋਟਰ ਪ੍ਰਦਾਨ ਕਰਨ ਦੇ ਯੋਗ ਨਹੀਂ ਹੋਣਗੇ। ਕਮਿਸ਼ਨ ਲੱਖਾਂ ਲੋਕਾਂ ਨੂੰ ਵੋਟ ਪਾਉਣ ਤੋਂ ਕਿਉਂ ਬਾਹਰ ਰੱਖਣਾ ਚਾਹੁੰਦਾ ਹੈ? ਇਸੇ ਤਰ੍ਹਾਂ ਜਦੋਂ ਸੁਪਰੀਮ ਕੋਰਟ ਨੇ ਖੁਦ ਐੱਸ ਆਈ ਆਰ ਪ੍ਰਕਿਰਿਆ ਨੂੰ ਦੇਖਿਆ ਅਤੇ ਉਸ ਵਿੱਚ ਖਾਮੀਆਂ ਵੀ ਦੱਸੀਆਂ ਤਾਂ ਉਸ ਨੇ ਇਸ ਨੂੰ ਜਾਰੀ ਰੱਖਣ ਦੀ ਇਜਾਜ਼ਤ ਕਿਉਂ ਦਿੱਤੀ? ਅਦਾਲਤ ਨੇ ਇਹ ਕਿਉਂ ਕਿਹਾ ਕਿ ਇੱਕ ਵਾਰ ਵੋਟ ਨਾ ਪਾਉਣ ਨਾਲ ਕੋਈ ਪਹਾੜ ਨਹੀਂ ਡਿਗ ਚੱਲਿਆ? ਕੀ ਇਹ ਅਦਾਲਤ ਦੀ ਜ਼ਿੰਮੇਵਾਰੀ ਨਹੀਂ ਸੀ ਕਿ ਉਹ ਉਨ੍ਹਾਂ ਵੋਟਰਾਂ ਦੇ ਅਧਿਕਾਰਾਂ ਨੂੰ ਬਹਾਲ ਕਰਦੀ, ਜਿਨ੍ਹਾਂ ਨੂੰ ਇਨ੍ਹਾਂ ਚੋਣਾਂ ਵਿੱਚ ਵੋਟ ਪਾਉਣ ਦੇ ਅਧਿਕਾਰ ਤੋਂ ਗਲਤ ਢੰਗ ਨਾਲ ਵਾਂਝਾ ਕੀਤਾ ਜਾ ਰਿਹਾ ਸੀ? ਕੀ ਇਸ ਨਾਲ ਇਹ ਸ਼ੱਕ ਮਜ਼ਬੂਤ ਨਹੀਂ ਹੁੰਦਾ ਕਿ ਚੋਣ ਕਮਿਸ਼ਨ ਵਾਂਗ ਅਦਾਲਤ ਹੁਣ ਭਾਜਪਾ ਨੂੰ ਸੱਤਾ ਵਿੱਚ ਰੱਖਣਾ ਚਾਹੁੰਦੀ ਹੈ? ਨਹੀਂ ਤਾਂ ਉਸ ਨੇ ਚੋਣ ਕਮਿਸ਼ਨਰ ਦੀ ਚੋਣ ਪ੍ਰਕਿਰਿਆ ਵਿੱਚ ਸੋਧ ਕਰਨ ਦੇ ਸਰਕਾਰ ਦੇ ਫੈਸਲੇ ਨੂੰ ਕਿਉਂ ਨਹੀਂ ਉਲਟਾਇਆ? ਚੋਣ ਕਮਿਸ਼ਨ ਇਹ ਯਕੀਨੀ ਬਣਾਉਂਦਾ ਹੈ ਕਿ ਲੋਕ ਚੋਣਾਂ ਦੌਰਾਨ ਆਪਣੀ ਇੱਛਾ ਪ੍ਰਗਟ ਕਰ ਸਕਣ ਅਤੇ ਵੋਟ ਪਾ ਸਕਣ। ਸੁਪਰੀਮ ਕੋਰਟ ਦੀ ਭੂਮਿਕਾ ਇਹ ਯਕੀਨੀ ਬਣਾਉਣਾ ਹੈ ਕਿ ਵੋਟਰਾਂ ਦੇ ਅਧਿਕਾਰਾਂ ਦੀ ਉਲੰਘਣਾ ਨਾ ਹੋਵੇ। ਪਿਛਲੇ ਦੋ ਸਾਲਾਂ ਤੋਂ ਇਸ ਦੇ ਉਲਟ ਹੀ ਨਜ਼ਰ ਆ ਰਿਹਾ ਹੈ।*

*ਨੌਕਰਸ਼ਾਹੀ ਅਤੇ ਪੁਲਸ ਫੋਰਸ ਬਾਰੇ ਵੀ ਇਹੀ ਕਿਹਾ ਜਾ ਸਕਦਾ ਹੈ। ਕੀ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਉਨ੍ਹਾਂ ਦੀਆਂ ਕਾਰਵਾਈਆਂ ਸਰਕਾਰੀ ਦਬਾਅ ਕਾਰਨ ਹਨ ਜਾਂ ਇਸ ਲਈ ਕਿ ਉਨ੍ਹਾਂ ਵਿੱਚੋਂ ਜ਼ਿਆਦਾਤਰ ਵਿਚਾਰਧਾਰਕ ਤੌਰ 'ਤੇ ਭਾਜਪਾ ਨਾਲ ਸਹਿਮਤ ਹਨ? ਕੀ ਉਹ ਭਾਰਤ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ? ਬੁਲਡੋਜ਼ਰ ਸਿਆਸਤਦਾਨ ਨਹੀਂ ਚਲਾ ਰਹੇ, ਪ੍ਰਸ਼ਾਸਨਿਕ ਅਧਿਕਾਰੀ ਚਲਾ ਰਹੇ ਹਨ। ਸਿਆਸਤਦਾਨ ਨਹੀਂ, ਪੁਲਸ ਅਧਿਕਾਰੀ ਮੁਸਲਮਾਨਾਂ ਨੂੰ ਮਨਘੜਤ ਮਾਮਲਿਆਂ ਵਿੱਚ ਗ੍ਰਿਫਤਾਰ ਕਰ ਰਹੇ ਹਨ। ਨੋਇਡਾ ਵਿੱਚ ਮਜ਼ਦੂਰਾਂ ਦੇ ਵਿਰੋਧ ਪ੍ਰਦਰਸ਼ਨ ਦਾ ਸਮਰਥਨ ਕਰਨ ਲਈ ਕਲਾਕਾਰ ਆਕ੍ਰਿਤੀ ਵਿਰੁੱਧ ਝੂਠਾ ਮਾਮਲਾ ਭਾਜਪਾ ਆਗੂਆਂ ਨੇ ਨਹੀਂ, ਸਗੋਂ ਨੋਇਡਾ ਦੇ ਜ਼ਿਲ੍ਹਾ ਮੈਜਿਸਟਰੇਟ ਨੇ ਦਾਇਰ ਕੀਤਾ ਸੀ। ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਵਿਰੁੱਧ ਦਾਇਰ ਚਾਰਜਸ਼ੀਟ ਭਾਜਪਾ ਦਫਤਰ ਵਿੱਚ ਨਹੀਂ, ਸਗੋਂ ਦਿੱਲੀ ਪੁਲਸ ਦਫਤਰ ਵਿੱਚ ਲਿਖੀ ਗਈ ਸੀ। ਅਦਾਲਤ ਨੇ ਬਾਬਰੀ ਮਸਜਿਦ ਲਈ ਜ਼ਮੀਨ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਦੇ ਦਿੱਤੀ। ਇਸੇ ਤਰ੍ਹਾਂ ਗਿਆਨਵਾਪੀ ਮਸਜਿਦ ਨੂੰ ਅਦਾਲਤ ਨੇ ਵਿਵਾਦਪੂਰਨ ਬਣਾ ਦਿੱਤਾ।*

*ਕੀ ਇਹ ਸਭ ਕੁਝ ਇਸ ਸ਼ੱਕ ਨੂੰ ਇਸ ਵਿਸ਼ਵਾਸ ਵਿੱਚ ਨਹੀਂ ਬਦਲ ਦਿੰਦਾ ਕਿ ਭਾਰਤ ਦੀਆਂ ਰਾਜਕੀ ਅਤੇ ਸੰਵਿਧਾਨਕ ਸੰਸਥਾਵਾਂ ਨੇ ਆਪਣੀ ਵਚਨਬੱਧਤਾ ਬਦਲ ਲਈ ਹੈ ਅਤੇ ਸੰਵਿਧਾਨ ਹੁਣ ਉਨ੍ਹਾਂ ਦਾ ਮਾਰਗਦਰਸ਼ਕ ਸਿਧਾਂਤ ਨਹੀਂ ਰਿਹਾ?*

## ਕਪਤਾਨ ਪ੍ਰਧਾਨ

*ਕਾਂਗਰਸੀਆਂ ਦੀ ਬੇੜੀ ਪੰਜਾਬ ਵਾਲੀ,*
*ਬਣੀਉਂ ਪਈ ਸੀ ਜੰਗੀ ਮੈਦਾਨ ਭਾਈ।*
*ਪੰਥਕ ਪਿੜਾਂ ਦੀ ਦਲ-ਦਲ ਤੋਂ ਖੁਸ਼ ਹੋਏ,*
*ਨੇੜੇ ਜਾਪੀ ਸੀ 'ਜਿੱਤ' ਆਸਾਨ ਭਾਈ।*
*'ਮੁੱਖ ਮੰਤਰੀ' ਬਣਨ ਦੀ 'ਝਾਕ' ਅੰਦਰ,*
*ਦੱਸਣ ਡਹੇ ਸੀ ਖੁਦ ਨੂੰ 'ਮਹਾਨ' ਭਾਈ।*
*'ਢੁੱਠਾਂ ਵਾਲੇ' ਇਹ ਦੇਖ ਹੈਰਾਨ ਹੋ ਗਏ,*
*ਚਿਤ-ਚੇਤੇ ਵੀ ਨਹੀਂ ਸੀ ਕਪਤਾਨ ਭਾਈ।*
*ਇਕਦਮ 'ਕੱਛ 'ਚੋਂ ਮੂੰਗਲੀ' ਕੱਢ ਮਾਰੀ,*
*ਹਾਈਕਮਾਂਡ ਨੇ ਕਰਤਾ ਐਲਾਨ ਭਾਈ।*
*ਘੈਂਸ-ਘੈਂਸ ਤਾਂ ਰੋਜ਼ ਦੀ ਖ਼ਤਮ ਹੋ ਗਈ,*
*ਪ੍ਰਗਟ ਹੋ ਗਿਆ ਨਵਾਂ ਪ੍ਰਧਾਨ ਭਾਈ।*

*-ਤਰਲੋਚਨ ਸਿੰਘ ਦੁਪਾਲਪੁਰ, 001-408-905-5517*

# ਕੁਦਰਤ, ਕਿਰਤ, ਕੰਮ, ਕਾਮਾ, ਕਮਾਈ ਤੇ ਕਾਲ


ਬਲਕਾਰ ਸਿੰਘ ਵਲਟੋਹਾ

ਮਨੁੱਖੀ ਸਮਾਜ ਦੀ ਪੂਰੀ ਆਰਥਿਕ ਸਮਾਜਿਕ ਕਹਾਣੀ ਨੂੰ ਸਮਝਣ ਲਈ ਕੁਝ ਬੁਨਿਆਦੀ ਸ਼ਬਦ ਬਹੁਤ ਮਹੱਤਵਪੂਰਨ ਹਨ — ਕੁਦਰਤ, ਕਿਰਤ, ਕੰਮ, ਕਾਮਾ, ਕਮਾਈ ਤੇ ਕਾਲ (ਸਮਾਂ) । ਇਹ ਸਿਰਫ਼ ਵੱਖਰੇ ਸ਼ਬਦ ਨਹੀਂ, ਸਗੋਂ ਮਨੁੱਖੀ ਜੀਵਨ ਅਤੇ ਸਮਾਜ ਦੀ ਆਰਥਿਕ ਬਣਤਰ ਨੂੰ ਸਮਝਣ ਵਾਲੀ ਇੱਕ ਪੂਰੀ ਲੜੀ ਹੈ ।

ਮਨੁੱਖ ਕੁਦਰਤ ਦਾ ਹਿੱਸਾ ਹੈ । ਉਹ ਕੁਦਰਤ ਤੋਂ ਆਪਣੀਆਂ ਲੋੜਾਂ ਲਈ ਵੱਖ-ਵੱਖ ਪਦਾਰਥ ਪ੍ਰਾਪਤ ਕਰਦਾ ਹੈ, ਪਰ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਕੁਦਰਤੀ ਪਦਾਰਥ ਨੂੰ ਮਨੁੱਖੀ ਲੋੜ ਅਨੁਸਾਰ ਬਦਲਣ ਲਈ ਕਿਰਤ ਦੀ ਲੋੜ ਪੈਂਦੀ ਹੈ । ਇਸ ਲਈ ਕਿਰਤ ਜਦੋਂ ਸਮਾਜਿਕ ਉਤਪਾਦਨ ਦਾ ਰੂਪ ਧਾਰਨ ਕਰਦੀ ਹੈ ਤਾਂ ਉਹ ਕੰਮ ਬਣ ਜਾਂਦਾ ਹੈ ।ਇਸ ਕੰਮ ਨੂੰ ਕਰਨ ਵਾਲਾ ਮਨੁੱਖ ਕਾਮਾ ਭਾਵ ਮਿਹਨਤਕਸ਼ ਬਣ ਜਾਂਦਾ ਹੈ । ਕਾਮੇ ਨੂੰ ਆਪਣੀ ਕਿਰਤ ਸ਼ਕਤੀ ਦੇ ਬਦਲੇ ਜੋ ਮਿਹਨਤਾਨਾ ਮਿਲਦਾ ਹੈ, ਉਸ ਨੂੰ ਕਮਾਈ ਭਾਵ ਮਜ਼ਦੂਰੀ ਮਿਲਦੀ ਹੈ ਅਤੇ ਇਹ ਪ੍ਰਕਿਰਿਆ ਜਿਸ ਦੌਰਾਨ ਚੱਲਦੀ ਹੈ, ਉਹ ਕਾਲ ਭਾਵ ਸਮਾਂ ਹੈ ।

ਉਪਰੋਕਤ ਲੜੀ/ਰਿਸ਼ਤੇ ਨੂੰ ਸਿਰਫ਼ ਵਿਅਕਤੀਗਤ ਜੀਵਨ ਦੀ ਨਜ਼ਰ ਨਾਲ ਨਹੀਂ ਵੇਖਣਾ ਚਾਹੀਦਾ, ਸਗੋਂ ਸਮਾਜ ਦੀ ਉਤਪਾਦਨ ਪ੍ਰਣਾਲੀ ਅਤੇ ਜਮਾਤੀ ਸੰਬੰਧਾਂ ਦੀ ਨਜ਼ਰ ਨਾਲ ਵੇਖਣਾ ਚਾਹੀਦਾ ਹੈ ।

ਕੁਦਰਤ ਮਨੁੱਖੀ ਉਤਪਾਦਨ ਦਾ ਮੂਲ ਅਧਾਰ ਹੈ । ਮਨੁੱਖ ਇਸ ਤੋਂ ਵੱਖਰਾ ਨਹੀਂ । ਮਨੁੱਖ ਆਪਣੀਆਂ ਜੀਵਨ ਜ਼ਰੂਰਤਾਂ ਲਈ ਲਗਾਤਾਰ ਕੁਦਰਤ ਨਾਲ ਸੰਬੰਧ ਵਿੱਚ ਰਹਿੰਦਾ ਹੈ।

ਜ਼ਮੀਨ, ਪਾਣੀ, ਜੰਗਲ, ਖਣਿਜ, ਹਵਾ ਅਤੇ ਊਰਜਾ— ਇਹ ਸਾਰੇ ਮਨੁੱਖੀ ਉਤਪਾਦਨ ਦੇ ਕੁਦਰਤੀ ਅਧਾਰ ਹਨ । ਕਿਸਾਨ ਮਿੱਟੀ, ਪਾਣੀ, ਬੀਜ ਅਤੇ ਸੂਰਜੀ ਊਰਜਾ ਨਾਲ ਕਿਰਤ ਜੋੜ ਕੇ ਫਸਲ ਪੈਦਾ ਕਰਦਾ ਹੈ । ਮਜ਼ਦੂਰ ਕੁਦਰਤ ਤੋਂ ਮਿਲੇ ਕੱਚੇ ਮਾਲ ਨੂੰ ਆਪਣੀ ਕਿਰਤ ਸ਼ਕਤੀ ਰਾਹੀਂ ਜਿਣਸ ਵਿੱਚ ਬਦਲਦਾ ਹੈ । ਇਸ ਕਰਕੇ ਮਨੁੱਖੀ ਸਮਾਜ ਦੀ ਕੋਈ ਵੀ ਆਰਥਿਕਤਾ ਕੁਦਰਤ ਤੋਂ ਬਾਹਰ ਨਹੀਂ ਹੋ ਸਕਦੀ ।

ਵਰਤਮਾਨ ਸਮੇਂ ਵਿੱਚ ਪੂੰਜੀਵਾਦੀ ਉਤਪਾਦਨ ਤਹਿਤ ਕੁਦਰਤ ਨੂੰ ਅਕਸਰ ਮਨੁੱਖੀ ਲੋੜਾਂ ਦੀ ਬਜਾਏ ਮੁਨਾਫ਼ੇ ਦੇ ਸਰੋਤ ਵਜੋਂ ਵੇਖਿਆ ਜਾਂਦਾ ਹੈ, ਜਿਸ ਨਾਲ ਕੁਦਰਤੀ ਸਰੋਤਾਂ ਦੀ ਅਤਿ ਅਧਿਕ ਵਰਤੋਂ, ਪ੍ਰਦੂਸ਼ਣ ਅਤੇ ਵਾਤਾਵਰਣ ਸੰਕਟ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।

ਕਿਰਤ ਸ਼ਕਤੀ ਸਾਰੀ ਦੌਲਤ ਦੀ ਸਿਰਜਿਕ ਤਾਕਤ ਹੈ। ਇਸ ਲਈ ਇਹ ਗੱਲ ਸਮਝਣ ਵਾਲੀ ਹੈ ਕਿ ਮਨੁੱਖੀ ਕਿਰਤ ਉਤਪਾਦਨ ਦੀ ਕੇਂਦਰੀ ਤਾਕਤ ਹੈ । ਮਨੁੱਖ ਆਪਣੀ ਕਿਰਤ ਰਾਹੀਂ ਕੁਦਰਤ ਵਿੱਚ ਤਬਦੀਲੀ ਕਰਦਾ ਹੈ ਅਤੇ ਵਰਤੋਂਯੋਗ ਚੀਜ਼ਾਂ ਪੈਦਾ ਕਰਦਾ ਹੈ।

ਮਨੁੱਖੀ ਸ਼ਕਤੀ ਕਿਸਾਨ, ਫੈਕਟਰੀ ਮਜ਼ਦੂਰ, ਨਿਰਮਾਣ ਮਜ਼ਦੂਰ, ਡਰਾਈਵਰ, ਕਰਮਚਾਰੀ, ਅਧਿਆਪਕ , ਨਰਸ, ਇੰਜੀਨੀਅਰ, ਸਫਾਈ ਕਰਮਚਾਰੀ ਅਤੇ ਵਿਗਿਆਨੀ ਆਦਿ ਦੇ ਰੂਪ ਵਿੱਚ ਸਮਾਜ ਦੀ ਕਿਰਤ ਸ਼ਕਤੀ ਦਾ ਹਿੱਸਾ ਹਨ ।

ਕਾਮਾ/ਮਜ਼ਦੂਰ ਆਪਣੀ ਕਿਰਤ ਸ਼ਕਤੀ ਵੇਚ ਕੇ ਮਿਹਨਤਾਨਾ ਪ੍ਰਾਪਤ ਕਰਦਾ ਹੈ। ਪੂੰਜੀਪਤੀ ਉਸ ਕਿਰਤ ਸ਼ਕਤੀ ਨੂੰ ਉਤਪਾਦਨ ਵਿੱਚ ਵਰਤਦਾ ਹੈ, ਅਤੇ ਉਸ ਤੋਂ ਪੈਦਾ ਹੋਈ ਵਸਤੂ ਜਾਂ ਸੇਵਾ ਨੂੰ ਬਜ਼ਾਰ ਵਿੱਚ ਵੇਚਦਾ ਹੈ। ਇਸ ਉਤਪਾਦਨ ਸਬੰਧ ਵਿੱਚ ਹੀ 'ਮਾਰਕਸਵਾਦ ' ਦਾ ਕੇਂਦਰੀ ਨੁਕਤਾ ਸਾਹਮਣੇ ਆਉਂਦਾ ਹੈ— ਵਾਧੂ ਮੁੱਲ ( Surplus Value) । ਕਾਮੇ ਦੀ ਕਿਰਤ ਸ਼ਕਤੀ ਨਾਲ ਪੈਦਾ ਹੋਈ ਕੁੱਲ ਕੀਮਤ ਅਤੇ ਉਸ ਨੂੰ ਦਿੱਤੀ ਗਈ ਮਜ਼ਦੂਰੀ ਵਿੱਚ ਜੋ ਫਰਕ ਰਹਿੰਦਾ ਹੈ, ਪੂੰਜੀਵਾਦੀ ਮੁਨਾਫ਼ੇ ਦੀ ਬੁਨਿਆਦ ਬਣਦਾ ਹੈ।

ਕਮਾਈ/ ਮਜ਼ਦੂਰੀ ਅਤੇ ਕਿਰਤ ਸ਼ਕਤੀ ਨਾਲੋ ਨਾਲ ਚੱਲਦੇ ਹਨ । ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਕਾਮਾ ਆਪਣੀ ਮਿਹਨਤ ਬਦਲੇ ਮਜ਼ਦੂਰੀ/ ਤਨਖ਼ਾਹ/ ਕਮਾਈ ਲੈਂਦਾ ਹੈ। ਇੱਥੇ ਕਾਮਾ ਆਪਣੀ ਕਿਰਤ ਸ਼ਕਤੀ ਵੇਚਦਾ ਹੈ ਅਤੇ ਉਹਨੂੰ ਮਿਲੀ ਮਜ਼ਦੂਰੀ ਉਸ ਕਿਰਤ ਸ਼ਕਤੀ ਦੀ ਕੀਮਤ ਦਾ ਪ੍ਰਗਟਾਵਾ ਹੁੰਦੀ ਹੈ, ਪਰ ਹਕੀਕਤ ਵਿੱਚ ਉਹ ਕੰਮ ਦੇ ਦੌਰਾਨ ਆਪਣੀ ਮਜ਼ਦੂਰੀ ਤੋਂ ਵੱਧ ਮੁੱਲ ਪੈਦਾ ਕਰਦਾ ਹੈ । ਇਹ ਵਾਧੂ ਮੁੱਲ ਪੂੰਜੀ ਦੇ ਵਿਸਥਾਰ ਅਤੇ ਮੁਨਾਫ਼ੇ ਦਾ ਸਰੋਤ ਬਣਦਾ ਹੈ । ਇਸੇ ਕਰਕੇ ਕਾਮੇ ਅਤੇ ਪੂੰਜੀਪਤੀ ਦਾ ਰਿਸ਼ਤਾ ਸਿਰਫ਼ ਨੌਕਰੀ ਦੇਣ ਵਾਲਾ ਤੇ ਨੌਕਰੀ ਕਰਨ ਵਾਲੇ ਦਾ ਸਧਾਰਨ ਰਿਸ਼ਤਾ ਨਹੀਂ ਮੰਨਿਆ ਜਾਂਦਾ । ਇਸ ਵਿੱਚ ਉਤਪਾਦਨ ਦੇ ਸਾਧਨਾਂ ਦੀ ਮਲਕੀਅਤ ਅਤੇ ਪੈਦਾ ਹੋਏ ਮੁੱਲ ਦੀ ਵੰਡ ਦਾ ਸਵਾਲ ਵੀ ਸ਼ਾਮਲ ਹੈ ।

ਕਾਲ— ਸਮਾਂ ਹੀ ਅਸਲ ਵਿੱਚ ਕਿਰਤ ਦਾ ਮਾਪ ਹੈ। ਇਹ ਮਜ਼ਦੂਰ ਦੀ ਕਿਰਤ ਦਾ ਮਹੱਤਵਪੂਰਨ ਪੱਖ ਹੈ। ਕਾਮਾ ਆਪਣੀ ਜ਼ਿੰਦਗੀ ਦਾ ਸਮਾਂ ਕੰਮ ਵਿੱਚ ਲਗਾਉਂਦਾ ਹੈ । ਅੱਠ ਘੰਟੇ, ਦਸ ਘੰਟੇ ਜਾਂ ਬਾਰਾਂ ਘੰਟੇ— ਇਹ ਸਿਰਫ਼ ਘੜੀ ਦੇ ਅੰਕ ਨਹੀਂ ਸਮਝਣੇ ਚਾਹੀਦੇ; ਇਹ ਮਨੁੱਖੀ ਜੀਵਨ ਦੇ ਉਹ ਘੰਟੇ ਹਨ, ਜੋ ਉਸ ਨੇ ਉਤਪਾਦਨ ਵਿੱਚ ਖਰਚ ਕੀਤੇ ਹੁੰਦੇ ਹਨ । ਇਸੇ ਕਰਕੇ ਕੰਮ ਦਾ ਦਿਨ ਭਾਵ ਦਿਹਾੜੀ ਜਿੰਨੀ ਲੰਮੀ ਹੁੰਦੀ ਹੈ, ਓਨੀ ਵੱਧ ਕਿਰਤ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਹੈ।

ਅੱਜ ਕਈ ਖੇਤਰਾਂ ਵਿੱਚ ਅਤਿ-ਆਧੁਨਿਕ ਤਕਨਾਲੋਜੀ ਸਿਰ 'ਤੇ ਵੀ ਅਤੇ ਕੰਮ ਦਿਨ ਦੇ ਘੰਟੇ ਵਧਾ ਕੇ ਵੀ ਕੰਮ ਲਿਆ ਜਾ ਰਿਹਾ ਹੈ । ਕਈ ਖੇਤਰਾਂ ਵਿੱਚ 10-12 ਘੰਟੇ ਦਾ ਕੰਮ, ਅਸਥਾਈ ਰੁਜ਼ਗਾਰ ਅਤੇ 'ਗਿੱਗ ਵਰਕ' ਵਰਗੀਆਂ ਰਵਾਇਤਾਂ ਵਧ ਰਹੀਆਂ ਹਨ, ਤਾਂ ਕੰਮ ਸਮੇਂ ਦਾ ਸਵਾਲ ਮੁੜ ਮਹੱਤਵਪੂਰਨ ਬਣ ਗਿਆ ਹੈ।

ਇਸ ਕਰਕੇ ਬੇਰੁਜ਼ਗਾਰੀ ਵਿਅਕਤੀ ਦੀ ਨਹੀਂ, ਇੱਕ ਆਰਥਿਕ ਪ੍ਰਣਾਲੀ ਦੀ ਸਮੱਸਿਆ ਹੈ ।ਅੱਜ ਦੇ ਪੂੰਜੀਵਾਦੀ ਦੌਰ ਵਿੱਚ ਬੇਰੁਜ਼ਗਾਰੀ ਨੂੰ ਅਕਸਰ ਵਿਅਕਤੀ ਦੀ ਯੋਗਤਾ, ਸਿੱਖਿਆ ਜਾਂ ਹੁਨਰ ਨਾਲ ਜੋੜ ਕੇ ਵੇਖਿਆ ਜਾਂਦਾ ਹੈ ।

ਅੱਜ ਦੇ ਦੌਰ ਵਿੱਚ ਜੇਕਰ ਕਰੋੜਾਂ ਲੋਕ ਕੰਮ ਕਰਨ ਲਈ ਤਿਆਰ ਹਨ, ਪਰ ਉਨ੍ਹਾਂ ਲਈ ਕੰਮ/ਨੌਕਰੀਆਂ ਨਹੀਂ ਹਨ, ਤਾਂ ਇਹ ਸਵਾਲ ਉਨ੍ਹਾਂ ਵਿਅਕਤੀਆਂ ਦੀ ਯੋਗਤਾ ਦਾ ਨਹੀਂ ਰਹਿੰਦਾ। ਇਹ ਉਤਪਾਦਨ ਦੀ ਸਮਾਜਿਕ ਬਣਤਰ ਦਾ ਸਵਾਲ ਬਣ ਜਾਂਦਾ ਹੈ।

ਅੱਜ ਆਧੁਨਿਕ ਮਸ਼ੀਨ ਤੇ ਏ ਆਈ ਯੁੱਗ ਵਿੱਚ ਕਾਮਾ ਹੋਰ ਬੇਵੱਸ ਹੈ । ਆਟੋਮੇਸ਼ਨ, ਰੋਬੋਟਿਕਸ ਅਤੇ ਏ ਆਈ ਉਤਪਾਦਕਤਾ ਵਿੱਚ ਵੱਡਾ ਵਾਧਾ ਕਰ ਰਹੇ ਹਨ । ਕਈ ਲੋਕ ਨਵੀਂ ਤਕਨਾਲੋਜੀ ਦਾ ਵਿਰੋਧ ਕਰ ਰਹੇ ਹਨ, ਜਦੋਂ ਕਿ ਨਵੀਂ ਤਕਨਾਲੋਜੀ ਕਦੇ ਵੀ ਆਪਣੇ ਆਪ ਵਿੱਚ ਮਨੁੱਖਾਂ ਦੀ ਦੁਸ਼ਮਣ ਨਹੀਂ ਹੁੰਦੀ । ਸਵਾਲ ਇਹ ਹੈ ਕਿ ਨਵੀਂ ਤਕਨਾਲੋਜੀ ਕਿਸ ਦੇ ਹੱਕ ਵਿੱਚ ਵਰਤੀ ਜਾ ਰਹੀ ਹੈ । ਜੇ ਤਕਨਾਲੋਜੀ ਮਨੁੱਖੀ ਕਿਰਤ ਨੂੰ ਘਟਾਉਂਦੀ ਹੈ ਤਾਂ ਇਸ ਦਾ ਇੱਕ ਨਤੀਜਾ ਇਹ ਹੋ ਸਕਦਾ ਹੈ ਕਿ ਕੰਮ ਦੇ ਘੰਟੇ ਘਟਾਏ ਜਾਣ ਅਤੇ ਕੰਮ ਵਧੇਰੇ ਲੋਕਾਂ ਵਿੱਚ ਵੰਡਿਆ ਜਾਵੇ । ਉਦਾਹਰਨ ਵਜੋਂ, ਜੇ ਉਤਪਾਦਨ ਉਹੀ ਰਹਿ ਸਕਦਾ ਹੈ, ਜੋ ਪਹਿਲਾਂ ਨਾਲੋਂ ਘੱਟ ਕਿਰਤ ਸਮੇਂ ਵਿੱਚ ਹੋ ਜਾਂਦਾ ਹੈ, ਤਾਂ ਸਮਾਜ ਕੋਲ ਦੋ ਰਾਹ ਹਨ— ਪਹਿਲਾ ਕੁਝ ਲੋਕਾਂ ਤੋਂ ਵੱਧ ਕੰਮ ਲਿਆ ਜਾਵੇ ਅਤੇ ਬਾਕੀਆਂ ਨੂੰ ਬੇਰੁਜ਼ਗਾਰ ਛੱਡ ਦਿੱਤਾ ਜਾਵੇ; ਦੂਜਾ, ਕੰਮ ਦਾ ਸਮਾਂ ਘਟਾ ਕੇ ਉਤਪਾਦਨ ਦੇ ਲਾਭ ਨੂੰ ਸਮਾਜ ਦੇ ਵਧੇਰੇ ਲੋਕਾਂ ਤੱਕ ਪਹੁੰਚਾਇਆ ਜਾਵੇ ।

ਇਸ ਲਈ ਅੱਜ ਏ ਆਈ ਦੇ ਯੁੱਗ ਵਿੱਚ ਕੰਮ ਕਿਸ ਕੋਲ ਹੋਵੇਗਾ? ਦੇ ਨਾਲ ਇਹ ਸਵਾਲ ਵੀ ਜ਼ਰੂਰੀ ਹੈ— 'ਤਕਨਾਲੋਜੀ ਨਾਲ ਬਚਿਆ ਸਮਾਂ ਕਿਸ ਦਾ ਹੋਵੇਗਾ?'

ਅਸਲ ਵਿੱਚ ਕਾਮੇ ਦਾ ਸਵਾਲ ਸਿਰਫ਼ 'ਕੰਮ ਮਿਲੇ' ਤੱਕ ਸੀਮਿਤ ਨਹੀ, ਸਵਾਲ ਇਹ ਵੀ ਹੈ ਕਿ ਉਸ ਦੀ ਕਿਰਤ ਨਾਲ ਪੈਦਾ ਹੋਈ ਦੌਲਤ ਦੀ ਵੰਡ ਕਿਵੇਂ ਹੁੰਦੀ ਹੈ ਅਤੇ ਉਤਪਾਦਨ ਦੇ ਸਾਧਨਾਂ 'ਤੇ ਕਬਜ਼ਾ ਕਿਸ ਦਾ ਹੈ ।

ਅੱਜ ਕੁਦਰਤ ਅਤੇ ਕਿਰਤ ਦੀ ਮੁੜ ਸਾਂਝ ਪੀਢੀ ਕਰਨ ਦਾ ਵੇਲਾ ਵੀ ਹੈ । ਅੱਜ ਜਲਵਾਯੂ ਤਬਦੀਲੀ, ਪਾਣੀ ਦਾ ਸੰਕਟ, ਮਿੱਟੀ ਦੀ ਖਰਾਬੀ ਅਤੇ ਹਰ ਕਿਸਮ ਦਾ ਪ੍ਰਦੂਸ਼ਣ ਇਹ ਸਵਾਲ ਖੜ੍ਹੇ ਕਰਦੇ ਹਨ ਕਿ ਉਤਪਾਦਨ ਦਾ ਮਕਸਦ ਕੀ ਹੋਣਾ ਚਾਹੀਦਾ ਹੈ ।

ਜੇ ਉਤਪਾਦਨ ਸਿਰਫ਼ ਮੁਨਾਫ਼ੇ ਲਈ ਹੋਵੇ ਤਾਂ ਕੁਦਰਤ ਅਤੇ ਮਨੁੱਖ ਦੋਵਾਂ 'ਤੇ ਦਬਾਅ ਵਧ ਸਕਦਾ ਹੈ।ਇਸ ਲਈ ਮਨੁੱਖੀ ਲੋੜਾਂ ਅਤੇ ਕੁਦਰਤ ਦੀਆਂ ਹੱਦਾਂ ਨੂੰ ਧਿਆਨ ਵਿੱਚ ਰੱਖ ਕੇ ਉਤਪਾਦਨ ਦੀ ਯੋਜਨਾ ਬਣਾਉਣਾ ਜ਼ਰੂਰੀ ਹੈ।ਕੁਦਰਤ ਦੀ ਰੱਖਿਆ ਵੀ ਕਿਰਤ ਮੰਗਦੀ ਹੈ ਅਤੇ ਇਹ ਕਿਰਤ ਭਵਿੱਖ ਵਿੱਚ ਵੱਡੇ ਪੱਧਰ 'ਤੇ ਰੁਜ਼ਗਾਰ ਦਾ ਸਰੋਤ ਬਣ ਸਕਦੀ ਹੈ— ਪਾਣੀ ਦੀ ਸੰਭਾਲ, ਜੰਗਲਾਂ ਦੀ ਰੱਖਿਆ, ਟਿਕਾਊ ਖੇਤੀ, ਸਾਫ਼ ਊਰਜਾ ਅਤੇ ਉੱਚ ਪਾਏ ਦੀਆਂ ਜਨਤਕ ਸੇਵਾਵਾਂ ਇਸ ਦੀਆਂ ਉਦਾਹਰਣਾਂ ਹਨ ।

ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਕੁਦਰਤ ਬਿਨਾਂ ਉਤਪਾਦਨ ਨਹੀਂ, ਕਿਰਤ ਤੋਂ ਬਿਨਾਂ ਕੁਦਰਤੀ ਸਰੋਤ ਮਨੁੱਖੀ ਲੋੜਾਂ ਵਿੱਚ ਨਹੀਂ ਬਦਲ ਸਕਦੇ। ਕੰਮ ਕਿਰਤ ਨੂੰ ਸਮਾਜਿਕ ਉਤਪਾਦਨ ਦਾ ਰੂਪ ਦਿੰਦਾ ਹੈ । ਕਾਮਾ ਆਪਣੀ ਕਿਰਤ ਸ਼ਕਤੀ ਰਾਹੀਂ ਸਮਾਜ ਦੀ ਦੌਲਤ ਪੈਦਾ ਕਰਦਾ ਹੈ । ਕਮਾਈ ਉਸ ਦੇ ਜੀਵਨ ਅਤੇ ਪਰਵਾਰ ਦੀਆਂ ਲੋੜਾਂ ਪੂਰੀਆਂ ਕਰਨ ਦਾ ਸਾਧਨ ਹੈ ।

ਕਾਲ—ਸਮਾਂ ਉਸ ਦੀ ਜ਼ਿੰਦਗੀ ਦਾ ਉਹ ਹਿੱਸਾ ਹੈ, ਜੋ ਉਹ ਕਿਰਤ ਵਿੱਚ ਲਗਾਉਂਦਾ ਹੈ ।ਫਿਰ ਸਵਾਲਾਂ ਦਾ ਸਵਾਲ ਇਹ ਹੈ ਕਿ ਜਦੋਂ ਉਤਪਾਦਨ ਸਮਾਜਿਕ ਹੈ ਤਾਂ ਉਸ ਨਾਲ ਪੈਦਾ ਹੋਣ ਵਾਲੀ ਦੌਲਤ ਅਤੇ ਫੈਸਲੇ ਵੀ ਕਿੰਨੇ ਸਮਾਜਿਕ ਹਨ?

ਮਨੁੱਖ ਦੀ ਕਿਰਤ ਦਾ ਮਕਸਦ ਸਿਰਫ਼ ਪੂੰਜੀ ਵਧਾਉਣਾ ਨਹੀਂ ਹੋਣਾ ਚਾਹੀਦਾ, ਉਤਪਾਦਨ ਦਾ ਅੰਤਮ ਮਕਸਦ ਮਨੁੱਖੀ ਜੀਵਨ ਦੀਆਂ ਲੋੜਾਂ ਦੀ ਪੂਰਤੀ ਹੋਣਾ ਚਾਹੀਦਾ ਹੈ।

ਅਸਲ ਤਰੱਕੀ ਉਹ ਨਹੀ, ਜਿੱਥੇ ਮਸ਼ੀਨਾਂ ਵੱਧ ਪੈਦਾ ਕਰਨ ਅਤੇ ਬੇਰੁਜ਼ਗਾਰ ਹੋਣ ।ਅਸਲ ਤਰੱਕੀ ਉਹ ਹੈ, ਜਿੱਥੇ ਤਕਨਾਲੋਜੀ ਮਨੁੱਖੀ ਕਿਰਤ ਨੂੰ ਹਲਕਾ ਕਰੇ । ਕੰਮ ਦਾ ਸਮਾਂ ਘਟੇ, ਹਰ ਇਛੁੱਕ ਵਿਅਕਤੀ ਨੂੰ ਸਮਾਜਿਕ ਤੌਰ 'ਤੇ ਲਾਭਦਾਇਕ ਕੰਮ ਮਿਲੇ ਅਤੇ ਮਨੁੱਖ ਕੋਲ ਜੀਵਨ ਜਿਊਣ ਲਈ ਸਮਾਂ ਵੀ ਬਚੇ ।

ਕੁਦਰਤ ਦੀ ਰੱਖਿਆ, ਕਿਰਤ ਦੀ ਕਦਰ, ਕੰਮ ਦਾ ਹੱਕ, ਕਾਮੇ ਦੀ ਇੱਜ਼ਤ, ਕਮਾਈ ਦੀ ਨਿਆਂਪੂਰਨ ਵੰਡ ਅਤੇ ਮਨੁੱਖੀ ਸਮੇਂ ਦੀ ਅਜਾਈਂ— ਇਹੀ ਇਸ ਪੂਰੀ ਵਾਰਤਕ ਦਾ ਮੂਲ ਸਵਾਲ ਹੈ ।

**ਸੰਪਰਕ:- 81465-55075**

# ਮਿਠਾਸ ਦੇ ਪਿੱਛੇ ਕੌੜੀ ਹਕੀਕਤ


ਧਰਮਿੰਦਰ ਸਿੰਘ (ਚੱਬਾ)

ਅੱਜਕੱਲ੍ਹ ਹਰ ਚੀਜ਼ ਵਿੱਚ ਮਿਲਾਵਟ ਧੜੱਲੇ ਨਾਲ ਹੋ ਰਹੀ ਹੈ। ਕੋਈ ਵੀ ਚੀਜ਼ ਚਾਹੇ ਉਹ ਦੁੱਧ, ਦਹੀ, ਪਨੀਰ, ਤੇਲ, ਘਿਉ, ਸ਼ਹਿਦ, ਦਾਲਾਂ, ਫਰੂਟ, ਸਬਜ਼ੀਆਂ, ਅਨਾਜ, ਡਰਾਈ ਫਰੂਟ, ਮਠਿਆਈਆਂ, ਮਿਰਚ, ਮਸਾਲੇ ਆਦਿ ਹਰ ਚੀਜ਼ 'ਤੇ ਮਿਲਾਵਟ ਦੇ ਕਾਲੇ ਬੱਦਲ ਛਾਏ ਹੋਏ ਹਨ। ਸਾਡੇ ਘਰਾਂ ਦੀ ਰਸੋਈ ਸਿਰਫ਼ ਖਾਣਾ ਬਣਾਉਣ ਦੀ ਥਾਂ ਨਹੀ, ਸਗੋਂ ਪਰਵਾਰ ਦੀ ਸਿਹਤ ਦੀ ਪਹਿਲੀ ਪਹਿਰੇਦਾਰ ਹੁੰਦੀ ਹੈ, ਪਰ ਜਦੋਂ ਬਜ਼ਾਰ ਤੋਂ ਆਉਣ ਵਾਲੀਆਂ ਖਾਣ-ਪੀਣ ਦੀਆਂ ਚੀਜ਼ਾਂ ਦੀ ਸ਼ੁੱਧਤਾ ਉੱਤੇ ਸਵਾਲ ਖੜ੍ਹੇ ਹੋਣ ਲੱਗਣ ਤਾਂ ਇਹ ਚਿੰਤਾ ਸਿਰਫ਼ ਇੱਕ ਘਰ ਦੀ ਨਹੀ ਰਹਿੰਦੀ, ਸਾਰੇ ਸਮਾਜ ਦੀ ਬਣ ਜਾਂਦੀ ਹੈ।

ਮਿਲਾਵਟ ਕੋਈ ਨਵਾਂ ਮਸਲਾ ਨਹੀ, ਪਰ ਇਸ ਦੀ ਚਿੰਤਾ ਇਸ ਲਈ ਗੰਭੀਰ ਹੈ, ਕਿਉਂਕਿ ਖਾਣ ਵਾਲੀਆਂ ਚੀਜ਼ਾਂ ਸਿੱਧੇ ਮਨੁੱਖੀ ਸਿਹਤ ਨਾਲ ਜੁੜੀਆਂ ਹਨ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ, ਘਿਉ-ਤੇਲ, ਮਸਾਲੇ, ਮਿਠਾਈਆਂ, ਅਨਾਜ ਅਤੇ ਹੋਰ ਕਈ ਖੁਰਾਕੀ ਵਸਤਾਂ ਵਿੱਚ ਗੁਣਵੱਤਾ ਨਾਲ ਸਮਝੌਤਾ ਹੋਣ ਦੀ ਸੰਭਾਵਨਾ ਬਾਰੇ ਖੁਰਾਕ ਸੁਰੱਖਿਆ ਵਿਭਾਗ ਲਗਾਤਾਰ ਚੌਕਸੀ ਦੀ ਲੋੜ ਦੱਸਦਾ ਹੈ। ਐੱਫ ਐੱਸ ਐੱਸ ਏ ਆਈ ਨੇ ਵੀ 2026 'ਚ ਖਾਸ ਤੌਰ 'ਤੇ ਦੁੱਧ ਉਤਪਾਦਾਂ, ਮਿਠਾਈਆਂ, ਨਮਕੀਨ, ਤੇਲ-ਘਿਉ ਅਤੇ ਅਨਾਜ ਆਦਿ ਦੀ ਜਾਂਚ ਤੇ ਨਮੂਨੇ ਲੈਣ ਲਈ ਵਿਸ਼ੇਸ਼ ਮੁਹਿੰਮਾਂ ਬਾਰੇ ਹਦਾਇਤਾਂ ਜਾਰੀ ਕੀਤੀਆਂ ਹਨ।

ਮਸਾਲਿਆਂ ਦੀ ਗੱਲ ਕਰੀਏ ਤਾਂ ਪੀਸੇ ਹੋਏ ਮਸਾਲਿਆਂ ਵਿੱਚ ਮਿਲਾਵਟ ਪਛਾਣਨਾ ਆਮ ਖਪਤਕਾਰ ਲਈ ਆਸਾਨ ਨਹੀ ਹੁੰਦਾ। ਐੱਫ ਐੱਸ ਐੱਸ ਏ ਆਈ ਦੇ ਮੈਨੂਅਲ ਵਿੱਚ ਵੀ ਦੱਸਿਆ ਗਿਆ ਹੈ ਕਿ ਪਾਊਡਰ ਰੂਪ ਵਾਲੇ ਮਸਾਲੇ ਮਿਲਾਵਟ ਲਈ ਵਧੇਰੇ ਸੰਵੇਦਨਸ਼ੀਲ ਹੋ ਸਕਦੇ ਹਨ ਅਤੇ ਘੱਟ ਕੀਮਤ ਵਾਲੀਆਂ ਜਾਂ ਹੋਰ ਪਦਾਰਥਾਂ ਦੀ ਮਿਲਾਵਟ ਨਾਲ ਉਨ੍ਹਾਂ ਦੀ ਮਾਤਰਾ ਜਾਂ ਦਿੱਖ ਬਦਲਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਇਸੇ ਤਰ੍ਹਾਂ ਖਾਣ ਵਾਲੇ ਤੇਲਾਂ ਦੀ ਸ਼ੁੱਧਤਾ ਵੀ ਬਹੁਤ ਮਹੱਤਵਪੂਰਨ ਹੈ। ਐੱਫ ਐੱਸ ਐੱਸ ਏ ਆਈ ਦੇ ਅਨੁਸਾਰ ਕੁਝ ਗੈਰ-ਖਾਣਯੋਗ ਤੇਲਾਂ ਨਾਲ ਮਿਲਾਵਟ ਸਿਹਤ ਲਈ ਗੰਭੀਰ ਖਤਰਾ ਪੈਦਾ ਕਰ ਸਕਦੀ ਹੈ। ਇਸ ਲਈ ਖਪਤਕਾਰ ਲਈ ਸਿਰਫ਼ ਕੀਮਤ ਦੇਖ ਕੇ ਸਮਾਨ ਖ੍ਰੀਦਣ ਦੀ ਬਜਾਏ ਉਸ ਦੀ ਪੈਕਿੰਗ, ਲਾਇਸੈਂਸ ਸੰਬੰਧੀ ਜਾਣਕਾਰੀ ਅਤੇ ਭਰੋਸੇਯੋਗ ਸਰੋਤਾਂ ਨੂੰ ਵੀ ਦੇਖਣਾ ਜਰੂਰੀ ਹੈ।

ਮਿਲਾਵਟ ਦਾ ਇੱਕ ਵੱਡਾ ਪੱਖ ਇਹ ਵੀ ਹੈ ਕਿ ਆਮ ਆਦਮੀ ਹਰ ਚੀਜ਼ ਦੀ ਜਾਂਚ ਆਪਣੇ ਘਰ ਵਿੱਚ ਨਹੀ ਕਰ ਸਕਦਾ। ਰੰਗ, ਖੁਸ਼ਬੂ ਜਾਂ ਦਿੱਖ ਤੋਂ ਕਿਸੇ ਖਾਣੇ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਮੰਨ ਲੈਣਾ ਹਮੇਸ਼ਾ ਠੀਕ ਨਹੀ। ਕਈ ਮਾਮਲਿਆਂ ਵਿੱਚ ਵਿਗਿਆਨਿਕ ਜਾਂਚ ਹੀ ਅਸਲ ਤਸਵੀਰ ਸਾਹਮਣੇ ਲਿਆ ਸਕਦੀ ਹੈ। ਐੱਫ ਐੱਸ ਐੱਸ ਏ ਆਈ ਵੱਲੋਂ ਖੁਰਾਕੀ ਨਮੂਨਿਆਂ ਦੀ ਜਾਂਚ ਲਈ ਨਿਰਧਾਰਿਤ ਤਰੀਕਿਆਂ ਅਤੇ ਪ੍ਰਯੋਗਸ਼ਾਲਾਵਾਂ ਦੀ ਵਿਵਸਥਾ ਕੀਤੀ ਗਈ ਹੈ।

ਦੁਕਾਨਦਾਰ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਮਿਆਰੀ ਅਤੇ ਸੁਰੱਖਿਅਤ ਸਮਾਨ ਵੇਚੇ। ਜਿਹੜਾ ਕਾਰੋਬਾਰੀ ਮਿਆਰੀ ਅਤੇ ਸੁਰੱਖਿਅਤ ਖੁਰਾਕ ਵੇਚਦਾ ਹੈ, ਉਹ ਨਾ ਸਿਰਫ਼ ਕਾਨੂੰਨ ਦੀ ਪਾਲਣਾ ਕਰਦਾ ਹੈ, ਸਗੋਂ ਖਪਤਕਾਰ ਦੇ ਭਰੋਸੇ ਦੀ ਵੀ ਰੱਖਿਆ ਕਰਦਾ ਹੈ। ਇਸ ਦੇ ਉਲਟ ਜੇ ਕੋਈ ਵਿਅਕਤੀ ਜਾਣ-ਬੁੱਝ ਕੇ ਖੁਰਾਕੀ ਮਿਆਰਾਂ ਨਾਲ ਸਮਝੌਤਾ ਕਰਦਾ ਹੈ ਤਾਂ ਇਸ ਦਾ ਪ੍ਰਭਾਵ ਸਿਰਫ਼ ਉਸ ਇੱਕ ਗਾਹਕ ਤੱਕ ਸੀਮਤ ਨਹੀ ਰਹਿੰਦਾ। ਉਤਪਾਦਕ ਦੀ ਜ਼ਿੰਮੇਵਾਰੀ ਹੈ ਕਿ ਖਪਤਕਾਰ ਨੂੰ ਸਹੀ ਚੀਜ਼ ਦਿੱਤੀ ਜਾਵੇ। ਖਪਤਕਾਰ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਬਿਨਾਂ ਲੇਬਲ ਵਾਲੀਆਂ ਜਾਂ ਸ਼ੱਕੀ ਵਸਤਾਂ ਖ੍ਰੀਦਣ ਤੋਂ ਬਚੇ ਅਤੇ ਸ਼ੱਕ ਹੋਣ 'ਤੇ ਸੰਬੰਧਤ ਅਧਿਕਾਰੀਆਂ ਕੋਲ ਸ਼ਿਕਾਇਤ ਕਰੇ।

ਖੁਰਾਕੀ ਮਿਲਾਵਟ ਵਿਰੁੱਧ ਲੜਾਈ ਸਿਰਫ਼ ਤਿਉਹਾਰਾਂ ਦੇ ਦਿਨਾਂ ਵਿੱਚ ਛਾਪੇ ਮਾਰਨ ਤੱਕ ਸੀਮਤ ਨਹੀ ਰਹਿਣੀ ਚਾਹੀਦੀ। ਇਸ ਲਈ ਨਿਗਰਾਨੀ ਵੀ ਲਗਾਤਾਰ ਹੋਣੀ ਚਾਹੀਦੀ ਹੈ। ਤਿਉਹਾਰਾਂ ਦੇ ਦਿਨਾਂ ਵਿੱਚ ਵਿਸ਼ੇਸ਼ ਜਾਂਚ ਮੁਹਿੰਮਾਂ ਮਹੱਤਵਪੂਰਨ ਹਨ, ਪਰ ਖੁਰਾਕੀ ਸੁਰੱਖਿਆ ਸਿਰਫ਼ ਤਿਉਹਾਰਾਂ ਦੀ ਜ਼ਿੰਮੇਵਾਰੀ ਨਹੀ। ਰੋਜ਼ਾਨਾ ਵਰਤੋਂ ਵਾਲੀਆਂ ਵਸਤਾਂ ਦੀ ਨਿਯਮਤ ਜਾਂਚ ਹੀ ਖਪਤਕਾਰ ਦੇ ਭਰੋਸੇ ਨੂੰ ਮਜ਼ਬੂਤ ਕਰ ਸਕਦੀ ਹੈ। ਬਜ਼ਾਰ ਵਿੱਚ ਨਿਰੰਤਰ ਜਾਂਚ, ਨਮੂਨਿਆਂ ਦੀ ਵਿਗਿਆਨਿਕ ਜਾਂਚ, ਨਿਯਮਾਂ ਦੀ ਪਾਲਣਾ ਅਤੇ ਦੋਸ਼ ਸਾਬਤ ਹੋਣ 'ਤੇ ਕਾਨੂੰਨੀ ਕਾਰਵਾਈ ਹੋਣੀ ਜਰੂਰੀ ਹੈ। ਖਾਣਾ ਸਿਰਫ਼ ਵਸਤੂ ਨਹੀ, ਇਹ ਮਨੁੱਖੀ ਜੀਵਨ ਦਾ ਹਿੱਸਾ ਹੈ। ਇਸ ਲਈ ਮੁਨਾਫੇ ਤੋਂ ਪਹਿਲਾਂ ਮਨੁੱਖੀ ਸਿਹਤ ਉਤੇ ਭਰੋਸੇ ਨੂੰ ਤਰਜੀਹ ਦੇਣਾ ਹੀ ਸਾਫ਼-ਸੁਥਰੇ ਬਜ਼ਾਰ ਦੀ ਨਿਸ਼ਾਨੀ ਹੈ। ਮਿਲਾਵਟ ਰੋਕਣ ਦੀ ਜ਼ਿੰਮੇਵਾਰੀ ਕਿਸੇ ਇੱਕ ਦੀ ਨਹੀ, ਸਗੋਂ ਉਤਪਾਦਕ, ਵਿਕਰੇਤਾ, ਸਰਕਾਰੀ ਤੰਤਰ ਅਤੇ ਖਪਤਕਾਰ, ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਜਦ ਆਪਾਂ ਸਾਰੇ ਆਪਣੀ-ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਵਾਂਗੇ ਤਾਂ ਹੀ ਹੋ ਰਹੀ ਮਿਲਾਵਟ ਨੂੰ ਠੱਲ੍ਹ ਪਾ ਸਕਾਂਗੇ।

# ਤੇਲ ਦੀ ਅੱਗ 'ਚ ਸੜਦੀ ਦੁਨੀਆ


ਡਾ. ਕ੍ਰਿਸ਼ਨ ਲਾਲ

ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਜਾਰੀ ਭਸਮਾਉਣ ਵਾਲੀ ਜੰਗ ਅਤੇ ਗੰਭੀਰ ਫ਼ੌਜੀ ਤਣਾਅ ਨੇ ਅੰਤਰ-ਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਨੂੰ 105 ਡਾਲਰ ਪ੍ਰਤੀ ਬੈਰਲ ਤੋਂ ਵੀ ਪਾਰ ਪਹੁੰਚਾ ਦਿੱਤਾ ਹੈ। ਈਂਧਨ ਦੇ ਇਸ ਬੇਹੱਦ ਵੱਡੇ ਉਛਾਲ ਦਾ ਸਿੱਧਾ ਅਤੇ ਵਿਨਾਸ਼ਕਾਰੀ ਅਸਰ ਪੂਰੀ ਦੁਨੀਆ 'ਤੇ ਪੈ ਰਿਹਾ ਹੈ, ਜਿੱਥੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਆਮ ਨਾਗਰਿਕਾਂ ਦੀ ਪਹੁੰਚ ਤੋਂ ਬਹੁਤ ਦੂਰ ਹੁੰਦੀਆਂ ਜਾ ਰਹੀਆਂ ਹਨ ਅਤੇ ਆਲਮੀ ਪੱਧਰ 'ਤੇ ਹਾਹਾਕਾਰ ਮਚੀ ਹੋਈ ਹੈ ।

ਇਸ ਭਿਆਨਕ ਊਰਜਾ ਸੰਕਟ ਦੇ ਦੌਰ ਵਿੱਚ ਇੰਡੋਨੇਸ਼ੀਆ, ਪੁਰਤਗਾਲ, ਬੰਗਲਾਦੇਸ਼, ਸ੍ਰੀਲੰਕਾ ਅਤੇ ਸੀਰੀਆ ਵਰਗੇ ਦੇਸ਼ਾਂ ਦੇ ਹਾਲਾਤ ਬੇਹੱਦ ਨਾਜ਼ੁਕ ਅਤੇ ਚਿੰਤਾਜਨਕ ਬਣ ਗਏ ਹਨ । ਇਨ੍ਹਾਂ ਮੁਲਕਾਂ ਵਿੱਚ ਈਂਧਨ ਦੀ ਤੋਟ, ਬਿਜਲੀ ਦੇ ਲੰਮੇ ਅਤੇ ਅਣਐਲਾਨੇ ਕੱਟਾਂ ਦੇ ਨਾਲ-ਨਾਲ ਟਰਾਂਸਪੋਰਟ ਹੜਤਾਲਾਂ ਨੇ ਆਮ ਜਨਜੀਵਨ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ, ਜਿਸ ਨਾਲ ਲੋਕਾਂ ਨੂੰ ਰੋਜ਼ਾਨਾ ਦੇ ਜੀਵਨ ਵਿੱਚ ਅਸਹਿ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮੱਧ ਅਮਰੀਕੀ ਦੇਸ਼ ਗੁਆਟੇਮਾਲਾ ਵਿੱਚ ਸਥਿਤੀ ਉਸ ਵੇਲੇ ਬੇਕਾਬੂ ਹੋ ਗਈ ਜਦੋਂ ਟਰਾਂਸਪੋਰਟ ਕਾਮਿਆਂ ਅਤੇ ਸਥਾਨਕ ਕਾਰਕੁਨਾਂ ਨੇ ਈਂਧਨ ਦੀਆਂ ਵਧਦੀਆਂ ਕੀਮਤਾਂ ਖ਼ਿਲਾਫ਼ ਸੜਕਾਂ 'ਤੇ ਉੱਤਰ ਕੇ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤਾ ।ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ ਤੇਲ ਦੀਆਂ ਕੀਮਤਾਂ ਨੂੰ ਕੰਟਰੋਲ ਕਰਨਾ ਅਤੇ ਜੈਵਿਕ ਈਂਧਨ 'ਤੇ ਨਿਰਭਰਤਾ ਨੂੰ ਘਟਾਉਣਾ ਸੀ।ਇਸ ਸੰਕਟ ਨੇ ਦੇਸ਼ ਦੇ ਖੇਤੀਬਾੜੀ ਸੈਕਟਰ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ, ਕਿਉਂਕਿ ਕਿਸਾਨਾਂ ਨੂੰ ਟਰੈਕਟਰ ਅਤੇ ਹੋਰ ਖੇਤੀ ਮਸ਼ੀਨਰੀ ਚਲਾਉਣ ਲਈ ਡੀਜ਼ਲ ਦੀ ਸਖ਼ਤ ਲੋੜ ਹੁੰਦੀ ਹੈ।

ਸੀਰੀਆ ਵਿੱਚ ਕੀਮਤਾਂ ਵਧਾਉਣ ਦੇ ਐਲਾਨ ਤੋਂ ਤੁਰੰਤ ਬਾਅਦ ਗੁੱਸੇ ਵਿੱਚ ਆਏ ਲੋਕ ਸੜਕਾਂ 'ਤੇ ਉੱਤਰ ਆਏ, ਉਨ੍ਹਾਂ ਆਵਾਜਾਈ ਠੱਪ ਕੀਤੀ ਅਤੇ ਟਾਇਰ ਫੂਕ ਕੇ ਆਪਣਾ ਭਾਰੀ ਰੋਹ ਪ੍ਰਗਟ ਕੀਤਾ। ਭਾਵੇਂ ਜੰਗ ਦੇ ਮਾਹੌਲ ਕਾਰਨ ਸਰਕਾਰ ਲਈ ਕੀਮਤਾਂ ਵਧਾਉਣਾ ਮਜਬੂਰੀ ਬਣ ਚੁੱਕਾ ਸੀ, ਪਰ ਇਸ ਕਦਮ ਨੇ ਆਮ ਨਾਗਰਿਕਾਂ ਦਾ ਗੁਜ਼ਾਰਾ ਕਰਨਾ ਅਸੰਭਵ ਜਿਹਾ ਬਣਾ ਦਿੱਤਾ ਹੈ।ਬੰਗਲਾਦੇਸ਼ ਵਿੱਚ ਵੀ ਹਾਲਾਤ ਬੇਹੱਦ ਚਿੰਤਾਜਨਕ ਬਣੇ ਹੋਏ ਹਨ, ਕਿਉਂਕਿ ਉਹ ਆਪਣੀ ਲੋੜ ਦਾ 90 ਫ਼ੀਸਦੀ ਤੋਂ ਵੱਧ ਪੈਟਰੋਲੀਅਮ ਉਤਪਾਦ ਦਰਾਮਦ ਕਰਦਾ ਹੈ । ਈਂਧਨ ਅਤੇ ਐੱਲ ਐੱਨ ਜੀ ਦੀ ਸਪਲਾਈ ਵਿੱਚ ਰੁਕਾਵਟ ਆਉਣ ਕਾਰਨ ਉੱਥੇ ਬਿਜਲੀ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਹੈ। ਗੈਸ ਦੀ ਘਾਟ ਕਾਰਨ ਕੱਪੜਾ ਫ਼ੈਕਟਰੀਆਂ ਨੂੰ ਮਜਬੂਰਨ ਡੀਜ਼ਲ ਦੀ ਵਰਤੋਂ ਕਰਨੀ ਪੈ ਰਹੀ ਹੈ ਅਤੇ ਲਗਾਤਾਰ ਲੱਗ ਰਹੇ ਬਿਜਲੀ ਦੇ ਕੱਟਾਂ ਨੇ ਉਦਯੋਗਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ।ਬੰਗਲਾਦੇਸ਼ ਵਿੱਚ ਕੰਮ ਲੰਮੇ ਸਮੇਂ ਤੱਕ ਠੱਪ ਰਹਿਣ ਨਾਲ ਉਤਪਾਦਨ ਅਤੇ ਫ਼ੈਕਟਰੀਆਂ ਦੀ ਕਮਾਈ 'ਤੇ ਡੂੰਘਾ ਮਾੜਾ ਅਸਰ ਪੈ ਰਿਹਾ ਹੈ, ਜੋ ਕਿ ਦੇਸ਼ ਨੂੰ ਵੱਡੇ ਆਰਥਿਕ ਸੰਕਟ ਵੱਲ ਧੱਕ ਰਿਹਾ ਹੈ।

ਦੂਜੇ ਪਾਸੇ ਜੇਕਰ ਭਾਰਤ ਦੀ ਗੱਲ ਕਰੀਏ ਤਾਂ ਇੱਥੇ ਵੀ ਤੇਲ ਦੀ ਦਰਾਮਦ ਲਗਾਤਾਰ ਮਹਿੰਗੀ ਹੁੰਦੀ ਜਾ ਰਹੀ ਹੈ, ਜਿਸ ਦੀ ਪੁਸ਼ਟੀ ਪੈਟਰੋਲੀਅਮ ਪਲਾਨਿੰਗ ਐਂਡ ਐਨਾਲਿਸਿਸ ਸੈੱਲ (ਪੀ ਪੀ ਏ ਸੀ) ਦੇ ਅੰਕੜੇ ਕਰਦੇ ਹਨ । ਅਪ੍ਰੈਲ ਤੋਂ ਅਗਸਤ ਦੇ ਦੌਰਾਨ ਭਾਰਤ ਦਾ ਤੇਲ ਦਰਾਮਦ ਬਿੱਲ 48 ਫ਼ੀਸਦੀ ਦੇ ਭਾਰੀ ਵਾਧੇ ਨਾਲ 74.8 ਅਰਬ ਡਾਲਰ ਤੱਕ ਪਹੁੰਚ ਗਿਆ ਹੈ, ਜਦੋਂ ਕਿ ਇਸ ਅਰਸੇ ਦੌਰਾਨ 100.7 ਮਿਲੀਅਨ ਟਨ ਤੇਲ ਦੀ ਦਰਾਮਦ ਕੀਤੀ ਗਈ। ਭਾਰਤ ਵਿੱਚ ਕੱਚੇ ਤੇਲ ਦੀ ਕੁੱਲ ਮਾਤਰਾ ਵਿੱਚ ਭਾਵੇਂ ਮਾਮੂਲੀ ਕਮੀ ਆਈ ਹੋਵੇ, ਪਰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤਾਂ ਤੇਜ਼ ਹੋਣ ਕਾਰਨ ਦਰਾਮਦ ਬਿੱਲ ਵਿੱਚ 18 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।ਦੇਸ਼ ਦੀਆਂ ਪ੍ਰਮੁੱਖ ਸਰਕਾਰੀ ਮਾਰਕੀਟਿੰਗ ਕੰਪਨੀਆਂ—ਜਿਵੇਂ ਕਿ ਇੰਡੀਅਨ ਆਇਲ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਅਤੇ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਧਣ ਦੇ ਬਾਵਜੂਦ ਘਰੇਲੂ ਬਾਜ਼ਾਰ ਵਿੱਚ ਕੀਮਤਾਂ ਨਾ ਵਧਾਉਣ ਕਾਰਨ ਰੋਜ਼ਾਨਾ ਲਗਭਗ 530 ਕਰੋੜ ਰੁਪਏ ਦਾ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਇਸ ਸਮੁੱਚੇ ਘਟਨਾਕ੍ਰਮ ਦਾ ਸਿੱਧਾ ਅਸਰ ਭਾਰਤੀ ਅਰਥ ਵਿਵਸਥਾ 'ਤੇ ਪੈ ਰਿਹਾ ਹੈ। ਮਹਿੰਗੀ ਦਰਾਮਦ ਕਾਰਨ ਚਾਲੂ ਖਾਤੇ ਦਾ ਘਾਟਾ ਲਗਾਤਾਰ ਵਧ ਰਿਹਾ ਹੈ ਅਤੇ ਅਮਰੀਕੀ ਡਾਲਰ ਵਿੱਚ ਭੁਗਤਾਨ ਕਰਨ ਲਈ ਜ਼ਿਆਦਾ ਰੁਪਏ ਖ਼ਰਚਣੇ ਪੈਣ ਕਾਰਨ ਅੰਤਰ-ਰਾਸ਼ਟਰੀ ਬਾਜ਼ਾਰ ਵਿੱਚ ਰੁਪਏ ਦੀ ਕੀਮਤ ਕਮਜ਼ੋਰ ਹੋ ਰਹੀ ਹੈ। ਕ੍ਰਿਸਿਲ ਇੰਟੈਲੀਜੈਂਸ ਦੀ ਰਿਪੋਰਟ ਮੁਤਾਬਕ ਮੌਜੂਦਾ ਮਾਲੀ ਸਾਲ ਲਈ ਬਰੈਂਟ ਕਰੂਡ ਦਾ ਔਸਤ ਦਾਇਰਾ 83 ਤੋਂ 93 ਡਾਲਰ ਪ੍ਰਤੀ ਬੈਰਲ ਤੱਕ ਰਹਿਣ ਦਾ ਅੰਦਾਜ਼ਾ ਹੈ। ਜੇਕਰ ਆਉਣ ਵਾਲੇ ਦਿਨਾਂ ਵਿੱਚ ਕੀਮਤਾਂ ਹੋਰ ਵਧੀਆਂ ਤਾਂ ਭਾਰਤ ਵਿੱਚ ਆਮ ਖ਼ਪਤਕਾਰਾਂ ਅਤੇ ਸਮੁੱਚੀ ਅਰਥ ਵਿਵਸਥਾ 'ਤੇ ਹੋਰ ਵੱਡਾ ਆਰਥਿਕ ਬੋਝ ਪੈ ਸਕਦਾ ਹੈ। ਇਸ ਗੰਭੀਰ ਊਰਜਾ ਸੰਕਟ ਦੇ ਮੱਦੇਨਜ਼ਰ ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਪੱਛਮੀ ਏਸ਼ੀਆ ਦੇ ਹਾਲਾਤ ਜਲਦੀ ਨਾ ਸੁਧਰੇ ਤਾਂ ਆਲਮੀ ਪੱਧਰ 'ਤੇ ਮਹਿੰਗਾਈ ਬੇਕਾਬੂ ਹੋ ਜਾਵੇਗੀ ਅਤੇ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨੂੰ ਆਪਣੇ ਵਿੱਤੀ ਘਾਟੇ ਨਾਲ ਨਜਿੱਠਣ ਲਈ ਸਖ਼ਤ ਫ਼ੈਸਲੇ ਲੈਣੇ ਪੈਣਗੇ। ਸਰਕਾਰੀ ਤੇਲ ਕੰਪਨੀਆਂ ਨੂੰ ਹੋ ਰਹੇ ਅਰਬਾਂ ਰੁਪਏ ਦੇ ਰੋਜ਼ਾਨਾ ਘਾਟੇ ਕਾਰਨ ਦੇਸ਼ ਦੇ ਵਿੱਤੀ ਢਾਂਚੇ ਉਤੇ ਲੰਬੇ ਸਮੇਂ ਲਈ ਗੰਭੀਰ ਮਾੜੇ ਸਿੱਟੇ ਨਿਕਲ ਸਕਦੇ ਹਨ।



ਭਾਰਤ ਸਮੇਤ ਸਾਰੇ ਵਿਕਾਸਸ਼ੀਲ ਦੇਸ਼ਾਂ ਲਈ ਇਹ ਸਥਿਤੀ ਇਸ ਗੱਲ ਦਾ ਸਪੱਸ਼ਟ ਸੰਕੇਤ ਦਿੰਦੀ ਹੈ ਕਿ ਹੁਣ ਰਵਾਇਤੀ ਈਂਧਨ ਉੱਤੇ ਆਪਣੀ ਨਿਰਭਰਤਾ ਨੂੰ ਘਟਾ ਕੇ ਬਦਲਵੇਂ ਅਤੇ ਹਰੇ ਊਰਜਾ ਸਰੋਤਾਂ (ਜਿਵੇਂ ਕਿ ਸੂਰਜੀ ਊਰਜਾ, ਹਾਈਡ੍ਰੋਜਨ ਅਤੇ ਇਲੈਕਟ੍ਰਿਕ ਵਾਹਨਾਂ) ਵੱਲ ਤੇਜ਼ੀ ਨਾਲ ਵਧਣ ਦੀ ਸਖ਼ਤ ਲੋੜ ਹੈ, ਤਾਂ ਜੋ ਭਵਿੱਖ ਵਿੱਚ ਅਜਿਹੇ ਅੰਤਰਰਾਸ਼ਟਰੀ ਤਣਾਅ ਦੇਸ਼ ਦੀ ਆਰਥਿਕਤਾ ਅਤੇ ਆਮ ਲੋਕਾਂ ਦੇ ਜੀਵਨ ਨੂੰ ਪ੍ਰਭਾਵਤ ਨਾ ਕਰ ਸਕਣ।

**# ਸੰਪਰਕ : 62831-16797**

